ਮਾਸਕ ੴ ਪਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)

JUN 1992



ਜੂਨ ੧੯੯੨

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

# ਤਤਕਰਾ


| | | |
|---|---|---|
| ਆਸਾੜੁ ਸੁਹੰਦਾ ਤਿਸੁ ਲਗੈ | ੩ | ਬਾਰਹਮਾਹਾ ਮਾਂਝ ਮਹਲਾ ੫ |
| — ਅਰਥ ਵਿਆਖਿਆ | ੪ | — — |
| ਸ਼ਾਂਤ ਬੀਰਤਾ ਦੇ ਸੱਚੇ ਅਵਤਾਰ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਵਣ ਗੁਣ ਦੇ ਸਰੂਪ ਪੰਚਮ ਸਤਿਗੁਰੂ | ੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਚੜ੍ਹਦੀ ਕਲਾ | ੧੩ | ਪ੍ਰੋਫੈਸਰ ਹਰਬੰਸ ਸਿੰਘ ਜੀ |
| ੧੯੯੯ ਤੱਕ ਖ਼ਾਲਸਾ ਪੰਥ ਦੇ ਟੀਚੇ (੨) | ੧੭ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਰੁਬਾਈਆਂ | ੧੯ | ਸ: ਤੇਗ ਬਹਾਦਰ ਸਿੰਘ 'ਤੇਗ' |
| ਪੰਥ ਕੀ ਜੀਤ | ੨੦ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਰਬੋਤਮ ਧਰਮ : ਖ਼ਾਲਸਾ ਪੰਥ | ੨੨ | ਸ: ਮਦਨ ਸਿੰਘ ਜੀ |
| ਖ਼ਿਆਲ ਦਾਸੀ ਦਾ (ਕਵਿਤਾ) | ੨੫ | ਸ: ਸੁਰਜੀਤ ਸਿੰਘ 'ਸਾਜਨ' |
| ਸੇਈ ਗੁਰਮੁਖਿ ਪਿਆਰੇ ਮੇਲਿ | ੨੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਿਮਰੌ ਸ੍ਰੀ ਹਰਿ ਰਾਇ (ਕਵਿਤਾ) | ੨੯ | ਪਾਂਧੀ ਨਨਕਾਣਵੀ |
| ਸਿੱਖ ਵਿੱਦਿਅਕ ਦ੍ਰਿਸ਼ਟੀਕੋਣ | ੩੦ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਜੀਊਣਾ (ਕਵਿਤਾ) | ੩੨ | ਡਾਕਟਰ ਹਰਦਿਆਲ ਸਿੰਘ ਜੀ |
| ਗੁਰਬਾਣੀ ਉਚਾਰਣ | ੩੩ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਬਿਨਾਂ ਗੁਰਮਤਿ ਦੇ ਕੋਈ ਗਾਡੀ-ਰਾਹ ਹੀ ਨਹੀਂ (ਕਵਿਤਾ) | ੩੪ | ਗਿਆਨੀ ਗੋਪਾਲ ਸਿੰਘ ਜੀ 'ਮਿਤਰ' |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੫) | ੩੫ | — — |
| ਸਾਖੀ ਤੇ ਸ਼ਬਦ | ੩੮ | ਪ੍ਰਿੰਸੀਪਲ ਸੁਰਜੀਤ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ | ੪੩ | ਕੇਪਟਿਨ ਸਵਰਨ ਸਿੰਘ ਜੀ |
| ਏਤੀ ਮਾਰ ਪਈ | ੪੭ | ਬੀਬੀ ਰਣਜੀਤ ਕੌਰ ਜੀ |
| ਦੇਗੀਂ ਉਬਲ ਕੇ ਰੂਪ ਨਿਖਾਰਿਆ ਏ (ਕਵਿਤਾ) | ੪੯ | ਸ: ਅਤਰ ਸਿੰਘ ਜੀ ਨੀਰ |
| ਦਸਮੇਸ਼ ਜੀ ਦੇ ਬਚਨ | ੫੦ | ਭਾਈ ਚਉਪਾ ਸਿੰਘ ਜੀ |


ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ   ੪ ਜੂਨ   ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ   ੧੯ ਜੂਨ

---

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16–ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੁਖ ਨਿਵਾਰਨ ਸਾਹਿਬ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ–੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ, ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੋਗਰਾਂ ਦਾ ਹਸਪਤਾਲ।
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787   ਘਰ 52206

ਸੂਚਨਾ–ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ~ ਸ੍ਰੀ ਅੰਮ੍ਰਿਤਸਰ ~ ਪੱਤਰ

ਸਾਲਾਨਾ ਚੰਦਾ

ਦੇਸ 30-00
ਇਕ ਪਰਚਾ 3-00

ਪਰਦੇਸ (ਸਾਰੇ)
ਸਾਲਾਨਾ ਚੰਦਾ

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

ਅਮਾਨਤੀ
ਲਾਈਫ਼ ਮੈਂਬਰ

ਦੇਸ ੨੫੦-੦੦

ਪਰਦੇਸ (ਸਾਰੇ)

ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੬ ਜੂਨ ੧੯੯੨ ਅੰਕ ੬

## ਆਸਾੜੁ ਸੁਹੰਦਾ ਤਿਸੁ ਲਗੈ

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥

[ਬਾਰਹਮਾਹਾ ਮਾਂਝ ਮਹਲਾ ੫



www.AKJ.Org

# ਹਾੜ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ** : ਆਸਾੜੁ—ਹਾੜ ਮਹੀਨਾ। ਹਰਿ ਨਾਹੁ—ਹਰਿ ਪਤੀ। ਜਿੰਨਾ ਪਾਸਿ—ਜਿਨ੍ਹਾਂ (ਪ੍ਰਾਣੀਆਂ) ਦੇ ਕੋਲ। ਜਗਜੀਵਨ—ਜਗਤ ਦਾ ਜੀਵਨ, ਆਸਰਾ। ਮਾਣਸ ਸੰਦੀ—ਮਨੁੱਖਾਂ ਦੀ। ਦੂਜੈ ਭਾਇ—(ਵਾਹਿਗੁਰੂ ਤੋਂ ਬਿਨਾਂ) ਕਿਸੇ ਹੋਰ ਦੇ ਪਿਆਰ ਵਿਚ। ਵਿਗੁਚੀਐ—ਖੁਆਰ ਹੋਈਦਾ ਹੈ। ਗਲਿ ਪਈਸੁ—ਉਸ ਦੇ ਗਲ ਵਿਚ ਪੈਂਦੀ ਹੈ। ਫਾਸ—ਫਾਹੀ। ਲੁਣੈ—ਵੱਢਦਾ ਹੈ, ਫਲ ਪ੍ਰਾਪਤ ਕਰਦਾ ਹੈ। ਮਥੈ—ਮੱਥੇ ਉਤੇ। ਲਿਖਿਆਸੁ—ਉਸ ਦੇ ਲਿਖਿਆ ਹੁੰਦਾ ਹੈ। ਰੈਣਿ—(ਉਮਰ ਰੂਪੀ) ਰਾਤ। ਵਿਹਾਣੀ—ਬੀਤਦੀ ਹੈ। ਨਿਰਾਸ—ਆਸ਼ਾ ਹੀਣ, ਬੇਉਮੀਦ, ਢਠੇ ਹੋਏ ਦਿਲ ਨਾਲ। ਸਾਧੂ—ਸਤਿਗੁਰੂ। ਭੇਟੀਐ—ਮਿਲਦਾ ਹੈ। ਦਰਗਹ—ਪ੍ਰਭੂ ਦੀ ਹਜ਼ੂਰੀ। ਖਲਾਸੁ—ਨਿਰਬੰਧ, ਮੁਕਤ, ਆਜ਼ਾਦ। ਪ੍ਰਭ—ਹੇ ਪ੍ਰਭੂ ! ਸੁਹੰਦਾ—ਸ਼ੋਭਨੀਕ, ਸੁਹਾਵਣਾ। ਮਨਿ—ਮਨ ਵਿਚ।

**ਅਰਥ** : ਹਾੜ ਦਾ ਮਹੀਨਾ ਉਸ ਉਸ ਜੀਵ-ਇਸਤ੍ਰੀ ਨੂੰ ਤਪਦਾ ਹੋਇਆ ਲਗਦਾ ਹੈ, ਜਿਨ੍ਹਾਂ ਦੇ ਪਾਸ ਵਾਹਿਗੁਰੂ-ਪਤੀ ਨਹੀਂ ਹੁੰਦਾ, (ਭਾਵ, ਜਿਨ੍ਹਾਂ ਦੇ ਅੰਦਰ ਵਾਹਿਗੁਰੂ ਨਾਮ ਦਾ ਵਾਸਾ ਨਹੀਂ ਹੁੰਦਾ) ਅਤੇ ਜਿਹੜੀਆਂ ਜੀਵ-ਇਸਤ੍ਰੀਆਂ ਜਗਤ ਦੀ ਜਿੰਦ-ਜਾਨ ਅਕਾਲ ਪੁਰਖ ਨੂੰ ਛਡ ਕੇ ਮਨੁੱਖਾਂ ਦੀ ਆਸ-ਓਟ ਤਕਦੀਆਂ ਹਨ।

ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਦੇ ਪਿਆਰ ਵਿਚ ਲਗਿਆਂ ਖ਼ੁਆਰ ਹੋਈਦਾ ਹੈ। (ਜਿਹੜੀ ਜੀਵ-ਇਸਤ੍ਰੀ ਹੋਰ ਸਹਾਰੇ ਤਕਦੀ ਹੈ, ਅੰਤ ਸਮੇਂ) ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ। ਉਸ ਦੇ ਮੱਥੇ ਉਤੇ (ਪਿਛਲੇ ਕਰਮਾਂ ਦਾ) ਜੋ ਲੇਖਾ ਲਿਖਿਆ ਹੁੰਦਾ ਹੈ, ਉਸ ਅਨੁਸਾਰ ਉਹ (ਜੋ ਹੋਰ ਕਰਮ) ਬੀਜਦੀ ਹੈ ਉਹੋ ਫਲ ਪ੍ਰਾਪਤ ਕਰਦੀ ਹੈ। ਜਦੋਂ ਉਮਰਾ ਰੂਪੀ ਰਾਤ ਬੀਤਦੀ ਹੈ ਤਾਂ ਉਹ ਪਛਤਾਉਂਦੀ ਹੋਈ ਢੱਠੇ ਦਿਲ ਨਾਲ ਨਿਰਾਸ ਹੋਈ (ਇਸ ਸੰਸਾਰ ਤੋਂ ਪ੍ਰਭੂ ਦੀ ਦਰਗਾਹ ਵਲ ਲੇਖਾ ਦੇਣ ਲਈ) ਉਠ ਤੁਰਦੀ ਹੈ।

ਜਿਨ੍ਹਾਂ ਪ੍ਰਾਣੀਆਂ ਨੂੰ ਸਾਧੂ-ਸਤਿਗੁਰੂ ਮਿਲ ਪੈਂਦਾ ਹੈ, (ਭਾਵ, ਜਿਨ੍ਹਾਂ ਨੂੰ ਸਤਿਗੁਰੂ ਤੋਂ ਗੁਰ-ਉਪਦੇਸ਼ ਪ੍ਰਾਪਤ ਹੋ ਜਾਂਦਾ ਹੈ, ਉਹ ਗੁਰ-ਉਪਦੇਸ਼ ਨਾਮ-ਸਿਮਰਨ ਦੀ ਕਮਾਈ ਕਰਨ ਸਦਕਾ) ਪ੍ਰਭੂ ਦੀ ਹਜ਼ੂਰੀ ਵਿਚ ਅਜ਼ਾਦ, ਭਾਵ, ਸੁਰਖ਼ਰੂ ਹੋ ਜਾਂਦੇ ਹਨ।

ਨਾਨਕ ਦੀ ਅਰਦਾਸ ਹੈ, ਹੇ ਪ੍ਰਭੂ ! ਆਪਣੀ ਬਖ਼ਸ਼ਸ਼ ਕਰੋ ਕਿ (ਮੇਰੇ ਅੰਦਰ) ਤੇਰੇ ਦਰਸ਼ਨ ਦੀ ਪਿਆਸ ਲਗੀ ਰਵ੍ਹੇ, ਹੇ ਪ੍ਰਭੂ ! ਤੈਥੋਂ ਬਿਨਾਂ (ਮੇਰਾ) ਹੋਰ ਕੋਈ ਨਹੀਂ ਹੈ।

(ਭੱਠ ਵਾਂਗ ਤਪਦਾ) ਹਾੜ ਵੀ ਉਸ ਨੂੰ ਸੁਹਾਵਣਾ ਲਗਦਾ ਹੈ ਜਿਸ ਦੇ ਮਨ ਵਿਚ ਵਾਹਿਗੁਰੂ ਜੀ ਦੇ ਚਰਨਾਂ ਦਾ ਵਾਸਾ ਹੁੰਦਾ ਹੈ, ਭਾਵ, ਜੋ ਨਾਮ-ਸਿਮਰਨ ਦੇ ਅੰਮ੍ਰਿਤ-ਰਸ ਦਾ ਅਨੰਦ ਮਾਣ ਰਿਹਾ ਹੁੰਦਾ ਹੈ।

**ਵਿਆਖਿਆ**—ਭੱਠ ਵਾਂਗ ਤਪਦੇ ਹਾੜ ਦੇ ਮਹੀਨੇ ਦੁਆਰਾ ਸਤਿਗੁਰੂ ਪਾਤਸ਼ਾਹ ਨੇ ਇਹ ਨਿਖਾਰ ਕੇ ਦਸਿਆ ਹੈ ਕਿ ਹਾੜ ਦਾ ਮਹੀਨਾ ਵਾਹਿਗੁਰੂ ਤੋਂ ਭੁਲੇ ਮਨਮੁਖਾਂ ਨੂੰ ਹੀ ਤਪਦਾ ਬਲਦਾ ਪ੍ਰਤੀਤ ਹੁੰਦਾ ਤੇ ਦੁਖੀ ਕਰਦਾ ਹੈ। ਜਿਹੜ ਮਨਮੁਖ ਵਾਹਿਗੁਰੂ ਦਾ ਆਸਰਾ ਪਰਨਾ ਛਡ ਕੇ, ਦਵੈਤਾ ਭਾਵ ਵਿਚ, ਮਨੁਖਾਂ ਦੇ ਸਹਾਰੇ ਲਭਦੇ ਫਿਰਦੇ ਹਨ, ਵਾਹਿਗੁਰੂ ਅਕਾਲ ਪੁਰਖ ਦੇ ਚਰਨਾਂ ਵਿਚ ਜੁੜਨ ਦੀ ਥਾਂ ਦੁਨੀਆਦਾਰਾਂ ਦੀਆਂ ਚਾਪਲੂਸੀਆਂ ਕਰਦੇ ਦਿਨ ਬਿਤਾਂਦੇ ਹਨ, ਵਾਹਿਗੁਰੂ ਦੇ ਪਿਆਰ ਤੋਂ ਘੁਥੇ ਹੋਏ ਮਾਇਆਵੀ ਪਿਆਰਾਂ ਵਿਚ ਉਲਝੇ ਹੋਏ ਉਹ ਪ੍ਰਾਣੀ ਖਜਲ ਖੁਆਰ ਹੁੰਦੇ ਹਨ ਅਤੇ ਇਸ ਤਰ੍ਹਾਂ ਸਾਰੀ ਉਮਰ ਖ਼ਰਾਬ ਹੁੰਦੇ ਅੰਤ ਜਮਾਂ ਦੇ ਵਸ ਪੈਂਦੇ ਹਨ। ਜਮ ਉਨ੍ਹਾਂ ਦੇ ਗਲ ਫਾਹੀ ਪਾ ਕੇ ਸੱਚੀ ਦਰਗਾਹ ਵਿਚ ਕੀਤੇ ਕਰਮਾਂ ਦਾ ਲੇਖਾ ਦੇਣ ਅਤੇ ਫਲ ਭੁਗਤਾਉਣ ਲਈ ਲੈ ਜਾਂਦੇ ਹਨ। ਉਨ੍ਹਾਂ ਨੇ ਜੋ ਪੂਰਬਲੇ ਕਰਮ ਕੀਤੇ ਹੁੰਦੇ ਹਨ, ਉਨ੍ਹਾਂ ਦੇ ਲਿਖੇ ਲੇਖ ਅਨੁਸਾਰ ਉਹ ਹੁਣ ਇਸ ਜਨਮ ਵਿਚ ਜੋ ਕਰਮਾਂ ਕਮਾਂਦੇ ਹਨ, ਉਸ ਦਾ ਫਲ ਉਨ੍ਹਾਂ ਨੂੰ ਭੁਗਤਣਾ ਪੈਂਦਾ ਹੈ। ਸਾਰੀ ਉਮਰ ਕੂੜੇ ਧੰਧੇ ਪਿਟਦਿਆਂ ਬੀਤ ਜਾਂਦੀ ਹੈ। ਜਦੋਂ ਉਮਰ ਬੀਤ ਜਾਂਦੀ ਹੈ ਓਦੋਂ ਹੋਸ਼ ਆਉਂਦੀ ਹੈ ਤਾਂ ਪਛਤਾਵਾ ਆਉਂਦਾ ਹੈ। ਪਰ ਓਦੋਂ ਪਛਤਾਵਾ ਕੀਤਿਆਂ ਕੀ ਹੋ ਸਕਦਾ ਹੈ ?



www.AKJ.Org

ਅਖ਼ੀਰ ਨਿਰਾਸ ਹੋ ਕੇ ਇਸ ਦੁਨੀਆ ਤੋਂ ਕੂਚ ਕਰਨਾ ਪੈਂਦਾ ਹੈ। ਸਤਿਗੁਰੂ ਜੀ ਐਸੇ ਸਾਕਤਾਂ ਪ੍ਰਭੂ ਤੋਂ ਭੁਲੇ ਹੋਇਆਂ ਦੀ ਦਸ਼ਾ ਦਸਦੇ ਹਨ ਕਿ ਉਹ ਪੰਜਾਂ ਕਾਮ ਕ੍ਰੋਧ ਆਦਿਕਾਂ ਦੇ ਵਸ ਪਏ ਹਉਮੈ ਭਾਵ ਵਿਚ ਹੀ ਲੁਟੀਂਦੇ ਰਹਿੰਦੇ ਹਨ, ਖੋਟੀ ਮਤਿ ਦੇ ਕਾਰਨ ਉਨ੍ਹਾਂ ਨੂੰ ਹਰਿ ਰਸ ਦਾ ਕੁਝ ਪਤਾ ਹੀ ਨਹੀਂ ਹੁੰਦਾ, ਮਾਇਆ ਦੇ ਭਰਮ-ਜਾਲ ਵਿਚ ਅੰਮ੍ਰਿਤ-ਨਾਮ ਨੂੰ ਛਡ ਕੇ ਜ਼ਹਿਰ ਹੀ ਵਿਹਾਜਦੇ ਰਹਿੰਦੇ ਹਨ। ਉਨ੍ਹਾਂ ਦਾ ਸੰਗ ਸਾਥ ਅਤੇ ਯਰਾਨਾ ਵੀ ਖੋਟੇ ਦੁਸ਼ਟ ਪੁਰਸ਼ਾਂ ਨਾਲ ਹੀ ਹੁੰਦਾ ਹੈ, ਜਦ ਕਿ ਗੁਰੂ ਦੇ ਵਰੋਸਾਏ ਗਰਮੁਖਾਂ ਨਾਲ ਉਨ੍ਹਾਂ ਦਾ ਵੈਰ-ਵਿਰੋਧ ਹੀ ਬਣਿਆ ਰਹਿੰਦਾ ਹੈ। ਉਹ ਆਪਣੇ ਕੀਤੇ ਕਰਮਾਂ ਦਾ ਫਲ ਅੰਤ ਨਰਕ ਭੋਗਦੇ ਹਨ। ਗੁਰਵਾਕ ਹੈ—

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ ॥ ਜਿਨ੍ਹੀ ਅੰਮ੍ਰਿਤੁ ਭਰਮਿ ਭੁਲਾਇਆ ਬਿਖੁ ਸਿਉ ਰਚਹਿ ਰਚੰਨ੍ਹਿ॥
ਦੁਸਟਾਂ ਸੇਤੀ ਪਿਰਹੜੀ ਜਨ ਸਿਉ ਵਾਦ ਕਰੰਨ੍ਹਿ ॥ ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨ੍ਹਿ ॥੧॥੧੨॥ (ਪੰਨਾ ੮੫੪)

ਸਤਿਗੁਰੂ ਜੀ ਚੇਤਾਵਨੀ ਦੇਂਦੇ ਹਨ ਕਿ ਇਸ ਮਨੁਖਾ ਦੇਹੀ ਵਿਚ ਮਿਲੇ ਅਉਸਰ ਨੂੰ ਜੋ ਪ੍ਰਾਣੀ ਕੂੜ ਕਪਟ ਕਮਾਉਣ ਵਿਚ ਹੀ ਬਿਤਾ ਦੇਂਦਾ ਹੈ, ਅੰਤ ਹੋਸ਼ ਆਇਆਂ ਉਸ ਦਾ ਪਛਤਾਵਾ ਕਿਸੇ ਲੇਖੇ ਨਹੀਂ ਪੈਣਾ—

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥
ਪਛੋਤਾਵਾ ਨ ਮਿਲੈ ਜਬ ਚੂਕੈਗੀ ਸਾਰੀ ॥
ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥੧॥ (ਪੰਨਾ ੭੨੫)

ਦੂਜੇ ਪਾਸੇ ਜਿਹੜੇ ਪ੍ਰਾਣੀ ਸਤਸੰਗਤਿ ਦੇ ਤੁਫ਼ੈਲ ਸਤਿਗੁਰੂ ਤੋਂ ਗੁਰ-ਉਪਦੇਸ਼ ਲੈਂਦੇ ਹਨ, ਗੁਰ-ਦੀਖਿਆ ਲੈ ਕੇ ਨਾਮ-ਅਭਿਆਸ ਕਮਾਈਆਂ ਕਰਦੇ ਜੀਵਨ ਬਿਤਾਂਦੇ ਹਨ, ਉਨ੍ਹਾਂ ਦਾ ਪ੍ਰਭੂ ਦੀ ਹਜ਼ੂਰੀ ਵਿਚ ਮੁਖ ਉਜਲਾ ਹੁੰਦਾ ਹੈ ਅਤੇ ਸਤਿਕਾਰ ਹੁੰਦਾ ਹੈ—

॥ ਸਤਿਗੁਰੁ ਭੇਟਿ ਹਰਿ ਜਸੁ ਮੁਖ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥੪॥੪॥ (ਪੰਨਾ ੧੦੭੪)

ਅਤੇ— ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ਰਹਾਉ॥੩੪॥ (ਪੰਨਾ ੬੧੮)

ਅੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ, ਵਾਹਿਗੁਰੂ ਜੀ ਦੇ ਓਟ ਆਸਰੇ ਅਤੇ ਦਰਸ਼ਨਾਂ ਦੀ ਜਾਚਨਾ ਕਰਦੇ ਹੋਇ, ਵਾਹਿਗੁਰੂ ਜੀ ਦੇ ਚਰਨਾਂ ਵਿਚ ਲਿਵ ਲਾ ਕੇ ਇਕ-ਮਿਕ ਹੋਣ ਦਾ ਸਾਰ ਸਿੱਟਾ ਦਸਦੇ ਹਨ ਕਿ ਐਸੇ ਪ੍ਰਾਣੀ ਲਈ ਭੱਠ ਸਮਾਨ ਭਖਦਾ ਹਾੜ ਦਾ ਮਹੀਨਾ ਵੀ ਸੁਖਦਾਈ ਹੁੰਦਾ ਹੈ, ਕਿਉਂਕਿ ਉਹ ਵਾਹਿਗੁਰੂ ਪ੍ਰੀਤਮ ਦੇ ਚਰਨਾਂ ਵਿਚ ਸੁਰਤ ਜੋੜ ਕੇ ਅਗੰਮੀ ਅਨੰਦ ਦਾ ਸੁਖ ਮਾਣ ਰਿਹਾ ਹੁੰਦਾ ਹੈ। ਫਿਰ ਉਸ ਦੀ ਇਹ ਦਸ਼ਾ ਹੁੰਦੀ ਹੈ ਕਿ—

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥੭੯॥ (ਪੰਨਾ ੮੧੯)

ਅਤੇ— ਤਪਤ ਕੜਾਹਾ ਬੁਝਿ ਗਇਓ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥੧੪॥ (ਪੰ: ੧੦੦੨)

ਸ਼ਾਂਤੀ ਦੇ ਪੁੰਜ ਸਤਿਗੁਰੂ ਅਰਜਨ ਦੇਵ ਜੀ ਨੇ, ਗੁਰਬਾਣੀ ਦੇ ਉਪਰੋਕਤ ਕਥਨਾਂ ਨੂੰ ਆਪਣੇ ਆਪ ਦੀ ਮਿਸਾਲ ਪੇਸ਼ ਕਰ ਕੇ, ਸੱਚ ਨੂੰ ਪਰਤੱਖ ਉਜਾਗਰ ਕਰਕੇ ਵਿਖਾ ਦਿਤਾ ਕਿ—

ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਰਿਦਿ ਅਵਰੁ ਨ ਆਣੀ ॥ *



www.AKJ.Org

# ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ਼ਾਂਤੀ ਸ਼ਾਂਤੀ ਸਭ ਪੁਕਾਰਦੇ ਹਨ, ਪਰ ਇਨ੍ਹਾਂ ਸ਼ਾਂਤੀ ਪੁਕਾਰਨਹਾਰਿਆਂ ਨੂੰ ਸ਼ਾਂਤੀ ਦੀ ਸਾਰ ਨਹੀਂ। ਹਾਂ ਜੀ, ਸੱਚੀ ਸ਼ਾਂਤੀ ਦੀ ਸੱਚੀ ਸਾਰ ਨਹੀਂ। ਸ਼ਾਂਤੀ ਦੀਆਂ ਡੀਂਗਾਂ ਸਾਰੇ ਹੀ ਮਾਰਦੇ ਹਨ, ਪਰ ਇਨ੍ਹਾਂ ਡੀਂਗ-ਮਾਰੂਆਂ ਨੂੰ ਸ਼ਾਂਤੀ ਦੀ ਕਦਰ-ਪਰਖਾਰ ਨਹੀਂ। ਹੋਵੇ ਵੀ ਕਿਕੂੰ ? ਇਨ੍ਹਾਂ ਦੇ ਅੰਦਰ ਸ਼ਾਂਤੀ, ਸੱਚੀ ਸ਼ਾਂਤੀ ਵਾਪਰੀ ਹੀ ਨਹੀਂ।

ਤੱਤ-ਸ਼ਾਂਤੀ, ਦਿਬ-ਲਤੀਫ਼-ਕ੍ਰਾਂਤ ਆਤਮ-ਵਥੁ ਹੈ। ਮਾਨਸਕ ਸ਼ਾਂਤੀ ਬੁਧਾਂਸਕ ਸ਼ਾਂਤੀ ਤੋਂ ਨਿਆਰੀ, ਅਤਿ ਨਿਆਰੀ ਔਰ ਪ੍ਰਮਾਰਥੀ ਤੱਤ-ਵਿਲੱਖਣੀ ਸ਼ੈ ਹੈ, ਬਿਚੱਖਣੀ ਵਸਤੂ ਹੈ। ਜਿਨ੍ਹਾਂ ਨੇ ਆਪਾ ਪਰਬੋਧਿਆ ਨਹੀਂ, ਸੂਖਯਮ ਤੋਂ ਸੂਖਯਮ ਹਉਮੈ ਰੋਗ ਦੀ ਅੰਸ ਨੂੰ ਨਿਰੋਧਿਆ ਨਹੀਂ, ਤਿਨ੍ਹਾਂ ਨੂੰ ਸੱਚੀ ਸ਼ਾਂਤ ਤੱਤ ਵਥੁ ਦਾ ਇਕ ਰਿਜ਼ਮ ਰਾਈ ਮਾਤਰ ਵੀ ਅਹਿਸਾਸ ਨਹੀਂ ਹੁੰਦਾ, ਅਤੇ ਇਸ ਹਉਮੈ-ਅੰਸ ਦਾ ਨਿਰੋਧ ਉਦੋਂ ਤਾਈਂ ਨਹੀਂ ਹੁੰਦਾ, ਉੱਕਾ ਹੀ ਨਹੀਂ ਹੁੰਦਾ ਜਦੋਂ ਤਾਈਂ ਨਾਮ ਦੀ ਕਣੀ, ਸੱਚੇ ਨਾਮ-ਗੁਰਮਤਿ ਦੀ ਕਣੀ ਆਪੇ ਅੰਦਰ ਪਰਵੇਸ਼ ਨਹੀਂ ਹੁੰਦੀ ਅਤੇ ਇਸ ਬਿਧ ਆਪੇ ਦਾ ਅਭਾਵ ਨਹੀਂ ਹੁੰਦਾ, ਆਪੇ ਦੇ ਸਾਰੇ ਸਿਆਪੇ ਨਹੀਂ ਮੁਕ ਜਾਂਦੇ। ਆਪੇ ਨੂੰ ਚੀਨ ਕੇ ਅਨਾਤਮ ਆਪੇ ਨੂੰ ਪ੍ਰਮਾਤਮ-ਵਿਗਸਾਪੇ ਵਿਚ ਲੀਨ ਕੀਤੇ ਬਿਨਾ ਆਪਾ-ਭ੍ਰਮਾਪੇ ਦੀ ਕਾਈ, ਹਉਮੈ-ਅੰਸ ਕਾਈ ਨਹੀਂ ਮਿਟਦੀ, ਰਾਈ ਮਾਤਰ ਨਹੀਂ ਮਿਟਦੀ। ਅਤੇ ਇਸ ਮਿਟੀ ਬਿਨਾਂ ਸ਼ਾਂਤੀ, ਸੱਚੀ ਸ਼ਾਂਤੀ ਨਹੀਂ ਹੁੰਦੀ।

ਦੇਹ-ਅਧਿਆਸ, ਦੇਹੋਂ ਬਦੇਹ ਹੋਣਾ, ਸ਼ਾਂਤੀ ਮੁਜੱਸਮੀ ਰੂਹੜੀ ਦਾ ਇਕ ਕ੍ਰਿਣ ਕਿੰਚਤੀ ਚਮਤਕਾਰਾ ਹੈ, ਜਿਥੋਂ ਸ਼ਾਂਤ-ਕ੍ਰਾਂਤ ਠਰੂਰਨੀ ਠਰਾਰਾ ਅਰੰਭ ਹੁੰਦਾ ਹੈ। ਨਾਮ ਦੀ ਅਮੋਘ ਠਾਰ ਨਾਲ ਠਰੀਆਂ ਹੋਈਆਂ ਰੂਹਾਂ, ਨਾਮ-ਅਮਿਉ-ਰਸ ਦੀ ਜ਼ੀਰਾਂਦ ਹੋਈਆਂ ਜਿੰਦੜੀਆਂ, ਜੋਤਿ-ਵਿਗਾਸੀ ਨਿਘਾਸ ਵਿਚ ਸਰਸ਼ਾਰ ਹੋ ਕੇ ਸੱਚੀ ਸ਼ਾਂਤੀ ਦਾ ਅਹਿਲਾਦ, ਵਿਸਮਾਦ-ਮਈ ਆਨੰਦ ਮਾਣ ਸਕਦੀਆਂ ਹਨ। ਇਸ ਰਸ-ਵਿਸਮਾਦੀ ਮੌਜ ਪਦ ਔਜ ਨੂੰ ਪ੍ਰਾਪਤ ਹੋ ਕੇ, ਤਨ-ਤਸੀਹੇ ਭਾਵੇਂ ਕਿਤਨੇ ਭੀ ਤੀਖਣ ਮਿਲਨਿ, ਸ਼ਾਂਤ-ਸੁਰਤਿਆਂ ਦੀ ਬਿਰਤੀ ਅਸ਼ਾਂਤ ਨਹੀਂ ਹੁੰਦੀ, ਸ਼ਾਂਤ ਹੀ ਸ਼ਾਂਤ ਵਰਤੀ ਰਹਿੰਦੀ ਹੈ। ਜਗਤ-ਪ੍ਰਸਿਧ ਨਖਿਧ ਸ਼ਾਂਤੀ ਕਿਸੇ ਲੇਖੇ ਨਹੀਂ। ਇਹ ਅਸ਼ਾਂਤੀ ਹੈ, ਸ਼ਾਂਤੀ ਨਹੀਂ।

ਮਨ, ਬਚਨ, ਕਰਮ ਕਰਕੇ ਅੰਦਰੇ ਅਸਥਿਰਤ, ਅੰਤਰ ਆਤਮੇ ਸੰਚਰਤ ਹੋਈ ਵੀ ਸ਼ਾਂਤੀ ਹੀ ਅਸਲ ਸ਼ਾਂਤੀ ਹੈ।

"ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ, ਪੂਰਨ ਹੋਇ ਤ੍ਰਿਪਤਾਨੀ"* ਦੀ ਆਤਮ-ਅਵਸਥਾ ਵਾਲੀ ਸ਼ਾਂਤੀ

* ਧਨਾਸਰੀ ਮਹਲਾ ੫, ਪੰਨਾ ੬੭੧-੬੭੨

---

*
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖਿ ਵਖਾਣੀ ॥
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ [ਭਾਈ ਗੁਰਦਾਸ ਜੀ, ਵਾਰ ੨੪

ਗੁਰੂ ਦਾ ਉਪਦੇਸ਼, ਸ਼ਬਦ-ਸੁਰਤਿ ਦਾ ਮੇਲ, ਚਰਨ ਕੰਵਲਾਂ ਵਿਚ ਲੀਨਤਾ ਅਤੇ ਨਾਮ ਦੇ ਪਿਰਮ ਰਸ ਦੇ ਅਨੰਦ ਸਦਕਾ ਤਤੀਆਂ ਤਵੀਆਂ, ਸੜਦੀਆਂ ਭੁਜਦੀਆਂ ਰੇਤਾਂ ਆਦਿ ਸਤਿਗੁਰੂ ਦੀ ਸਹਜ ਸਮਾਧੀ ਵਿਚ ਵਿਘਨ ਨਾ ਪਾ ਸਕੀਆਂ। ਉਹ ਅਡੋਲ ਰਹਿੰਦਿਆਂ ਹੋਇਆਂ, ਪ੍ਰਭੂ ਦੀ ਜੋਤਿ ਵਿਚ ਆਪਣੀ ਜੋਤਿ ਲੀਨ ਕਰ ਗਏ।



www.AKJ.Org

ਤੱਤ-ਸ਼ਾਂਤੀ ਹੈ। "ਓਇ ਜੁ ਬੀਚਿ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ" ਗੁਰਵਾਕ ਦੇ ਭਾਵ ਵਾਲੀ ਅਭਾਵ, ਸੱਚ-ਆਪਾ-ਅਭਾਵ ਹੈ। "ਬੇਪਰਵਾਹ ਸਦਾ ਰੰਗ ਹਰਿ ਕੈ ਜਾ ਕੋ ਪਾਖ ਸੁਆਮੀ"† ਦੇ ਗੁਰਵਾਕੀ ਮੌਜ ਦੀ ਮੌਜ ਵਾਲਾ ਜੀਊੜਾ ਹੀ ਸੱਚੇ ਰਸ ਦੀ ਜੀਰਾਂਦ ਨੂੰ ਜਰ ਸਕਦਾ ਹੈ ਅਤੇ ਇਸ ਆਤਮ-ਜੀਰਾਂਦ ਨੂੰ ਜਰਨ ਵਾਲਾ ਸ਼ਾਂਤ-ਬੀਰ ਜੋਧਾ ਹੀ ਸੱਚਾ ਸੂਰਮਾ ਅਖਵਾ ਸਕਦਾ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥

[ਧਨਾਸਰੀ ਮਹਲਾ ੫, ਪੰਨਾ ੬੮੦

ਇਹ ਸੂਰਮੇ, ਸੱਚੇ ਸੂਰਮੇ ਦੀ ਤਾਰੀਫ਼ ਹੈ, ਪਰੰਤੂ ਗੁਰਵਾਕ ਦੀ ਪਿਛਲੀ ਤੁਕ ਦੇ ਭਾਵ ਅਨੁਸਾਰ ਆਤਮ-ਜਿੱਤ ਸੱਚਾ ਸੂਰਮਾ ਸੋਈ ਹੋ ਸਕਦਾ ਹੈ, ਜੋ ਸਤਿਗੁਰੂ ਪੂਰੇ ਦਾ ਸਿਖ ਹੈ, ਜੋ ਸਗੁਰਾ ਸੱਚੇ ਗੁਰੂ ਵਾਲਾ ਗੁਰਮੁਖ ਹੈ, ਜਿਸ ਦਾ ਗੁਰੂ ਸਤਿਗੁਰ ਪੂਰਾ ਸ੍ਰੀ ਗੁਰੂ ਨਾਨਕ ਸੂਰਾ ਹੈ। ਜਿਸ ਦਾ ਗੁਰੂ ਸੱਚਾ ਸਤਿਗੁਰੂ ਨਹੀਂ, ਤਿਸ ਨਿਗੁਰੇ ਨਿਗੋਸਾਏ ਪ੍ਰਾਣੀ ਨੂੰ ਇਹ ਪਦ ਪ੍ਰਾਪਤ ਨਹੀਂ ਹੋ ਸਕਦਾ। ਸਿਖਾਂ ਗੁਰਸਿਖਾਂ ਉਤੇ ਹੀ ਇਹ ਬਰਕਤ ਹੁੰਦੀ ਹੈ। ਅਸਿਖ ਅਨਾੜੀਆਂ ਮਨਮੁਖਾਂ ਨੂੰ, ਆਤਮ-ਰੰਗੋਂ ਸਖਣੇ ਅਤੇ ਮਨਮੁਖਾਂ ਨੂੰ ਸ੍ਰੀ ਸਤਿਗੁਰੂ ਦੀ ਇਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ।

ਸ਼ਾਂਤ-ਬੀਰਤਾ ਮੈਦਾਨ ਵਿਚ ਜੂਝਣ ਦਾ ਫਿਰ ਦਾਉ-ਨੈਸ਼ਾਨੀ ਝੰਡਾ ਲਹਿਰਾਉਣ ਹਿਤ, ਗੁਰੂ ਨਾਨਕ ਪੰਚਮ ਜੋਤਿ-ਜਾਮੇ ਤੀਨ ਕਾਲ ਅਰਜਨ ਸਾਹਿਬ ਜੀ ਨੇ ਪਹਿਲ ਕੀਤੀ ਅਤੇ ਆਉਣ ਵਾਲੀ ਪੰਥ-ਪਨੀਰੀ ਲਈ ਸ਼ਾਂਤ-ਰਸ ਬੀਰ ਜੀਰਾਂਦ ਦੇ ਸੱਚੇ ਪੂਰਨੇ ਪਾਏ। ਜੇਠ ਹਾੜ ਦੀ ਗਾਖੜੀ ਗ੍ਰੀਖਮ ਰੁਤੇਨੀ ਘਾਮ-ਗਰਮੀ ਪੈਂਦੀ ਹੈ, ਤਤੀਆਂ ਲੋਆਂ ਵਲਦੀਆਂ ਹਨ, ਕੜਕਦੀ ਧੁੱਪ ਵਿਚ ਜ਼ਾਲਮਾਂ ਦੀ ਭਖਾਈ ਹੋਈ ਅਗਨ-ਭੱਠੀ ਭੜਾਭੜ ਬਲਦੀ ਹੈ, ਅੰਗਾਰੇ ਵਾਂਗੂੰ ਤਪਦੀ ਲੋਹ ਉਤੇ ਚੌਂਕੜਾ ਮਾਰੀ ਅਚੱਲ ਸਮਾਧੀ ਵਿਚ ਦੀਨ ਦੁਨੀਆ ਦੇ ਵਾਲੀ, ਭਾਣਿਆਂ ਦੇ ਮਾਲਕ, ਉਸਨ ਸੀਤ ਨੂੰ ਸਮਸਰ ਕਰ· ਜਾਨਣਹਾਰੇ ਸ੍ਰੀ ਸਤਿਗੁਰ ਪੰਚਮ ਪਾਤਸ਼ਾਹ ਜੀ ਬੈਠੇ ਹਨ, ਉਤੋਂ ਅੱਗ ਵਾਂਗੂੰ ਭਖਦੀਆਂ ਰੇਤਾਂ ਦੇ ਕੜਛੇ ਸੋਹਲ, ਕੋਮਲ ਤੇ ਨਗਨ ਸਰੀਰ ਉਤੇ ਭਰ ਭਰ ਕੇ ਧੜਾ ਧੜ ਪੈ ਰਹੇ ਹਨ, ਪਰ ਸ਼ਾਂਤ-ਬੀਰਤਾ ਦੇ ਮੁਜੱਸਮ ਦਾ ਆਸਣ ਅਚੱਲ ਹੈ। ਧੌਲ-ਧਰਮ ਦਾ ਸਿੰਘਾਸਨ ਡੋਲ ਗਿਆ, ਪਰ ਸਤਿਗੁਰਾਂ ਦਾ ਅਹਿਲ ਆਸਣ ਨਹੀਂ ਡੋਲਿਆ। ਏਥੇ ਹੀ ਬਸ ਨਹੀਂ, ਖੌਲਦੇ ਜਲ ਦਾ ਭਰਿਆ ਕੜਾਹ ਸਟੀਮ-ਭਾਫਾਂ ਛਡ ਰਿਹਾ ਹੈ, ਹੇਠਾਂ ਭੜਾ ਭੜ ਅਗਨੀ ਦੇ ਭਾਂਬੜ ਮਚ ਰਹੇ ਹਨ, ਇਸ ਮਚਦੇ ਉਬਲਦੇ ਨੱਕਾ-ਨੱਕ ਭਰੇ ਭਾਪ-ਸਟੀਮ-ਇੰਜਨੀ ਕੜਾਹੇ ਵਿਚ ਚੌਂਕੜੇ ਲਗੇ ਲਗਾਇਆਂ ਚਕ ਕੇ ਸਤਿਗੁਰਾਂ ਨੂੰ ਗਲ ਤਾਈਂ ਤ੍ਰਿਬੁਡ ਕੀਤਾ ਜਾਂਦਾ ਹੈ। ਮਿੰਟ ਨਹੀਂ, ਸਕਿੰਟ ਨਹੀਂ, ਘੜੀਆਂ ਘੰਟਿਆਂ ਬਧੀ ਇਸ ਉਬਲਦੀ ਦੇਗ ਵਿਚ ਉਬਾਲਿਆ ਜਾਂਦਾ ਹੈ। ਕੀ ਮਜਾਲ, ਮੁਖੋਂ ਉਫ਼ ਤਕ ਵੀ ਨਿਕਲੀ ਹੋਵੇ, ਰਸਨਾ ਤੋਂ 'ਸੀ' ਤਕ ਵੀ ਉਚਰਣਤ ਹੋਈ ਹੋਵੇ। ਕਸੀਸ ਨਹੀਂ ਵਟੀ, ਅੱਖ ਨਹੀਂ ਪਟੀ, ਕੋਈ ਅੰਗ ਨਹੀਂ ਹਿਲਿਆ, ਰੋਮ ਨਹੀਂ ਫੜਕਿਆ, ਚੇਹਰੇ ਤੇ ਅਗੇ ਨਾਲੋਂ ਵੀ ਦੂਣ-ਸਵਾਇਆ ਜਲਾਲ ਹੈ। ਜੋਤਿ-ਜਮਾਲ ਦੀ ਉਹ ਅਵਧੀ ਹੈ ਕਿ ਦੇਖਣਹਾਰੇ ਝਾਲ ਨਹੀਂ ਝਲ ਸਕਦੇ। ਪਾਸ ਖੜੋਤੇ ਮੀਆਂ ਮੀਰ ਫ਼ਕੀਰ ਤ੍ਰਪ ਤ੍ਰਪ ਆਂਸੂ ਬਹਾ ਰਹੇ ਹਨ। ਜ਼ੁਲਮ ਦੀ ਅਤਿ ਵੇਖ ਕੇ ਗ਼ੈਜ਼-ਗ਼ਜ਼ਬ ਨਾਲ ਕੰਬ ਰਹੇ ਹਨ। ਇਸ ਦਰਦਨਾਕ ਨਜ਼ਾਰੇ ਨੂੰ ਦ੍ਰਵੀਭੂਤ ਹੋ ਕੇ ਵੇਖ ਰਹੇ ਹਨ ਅਤੇ ਅਤਿ ਅਧੀਨਗੀ ਸਹਿਤ ਬੇਨਤੀਆਂ ਕਰਿ ਕਰਿ ਗਗਨ-ਮੰਡਲਾਂ ਵਿਚ ਖੇਡ ਰਹੀਆਂ, ਦਸਮ ਦੁਆਰੇ ਪੁਜ ਰਹੀਆਂ ਸੁਰਤੀਸ਼ਰੀ ਤ੍ਰਾਣਾਂ ਤਰਬਾਂ ਨੂੰ ਹਿਲਾ ਹਿਲਾ ਕੇ ਜਗਾ ਰਹੇ ਹਨ—

"ਹੇ ਭਾਣੇ ਦੇ ਮਾਲਕਾ! ਜ਼ੁਲਮ ਦੀ ਜਿਥੇ ਕੋਈ ਹੱਦ ਨਹੀਂ, ਉਥੇ ਭਾਣਾ ਮੰਨਣ ਦੀ ਤਾਂ ਕੋਈ ਹੱਦ

† ਟੋਡੀ ਮਹਲਾ ੫, ਪੰਨਾ ੭੧੧

*



www.AKJ.Org

# ਖਵਣ ਗੁਣ ਦੇ ਸਰੂਪ ਪੰਚਮ ਸਤਿਗੁਰੂ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ—19]

'ਖਵਣਾ' ਦੇ ਅਰਥ ਹਨ ਸਹਾਰਨਾ, ਬਰਦਾਸ਼ਤ ਕਰਨਾ, ਖਿਮਾ ਕਰਨਾ, ਮੁਆਫ਼ ਕਰਨਾ। ਇਕ ਖੋਜੀ ਜਗਿਆਸੂ ਦੁਆਰਾ ਅਕਾਲ ਪੁਰਖ ਨੂੰ ਵੱਸ ਕਰਨ ਦੀ ਜੁਗਤੀ ਪੁੱਛਣ ਦੇ ਉੱਤਰ ਵਿਚ ਬਾਬਾ ਫ਼ਰੀਦ ਜੀ ਨੇ ਤਿੰਨ ਖ਼ਾਸ ਦੈਵੀ ਗੁਣ ਧਾਰਨ ਕਰਨ ਦਾ ਮਹਾਨ ਉਪਦੇਸ਼ ਦਿੱਤਾ ਹੈ—

ਨਿਵਣੁ ਸੁ ਅਖਰੁ, ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (ਸਲੋਕ ਫ਼ਰੀਦ ਜੀ, ਪੰ: ੧੩੮੪)

ਅਰਥਾਤ, ਜਿਹੜੀ ਸਖੀ ਸਹੇਲੀ ਨਿਮਰਤਾ, ਖਵਣ ਤੇ ਮਿਠੇ ਬਚਨ ਅਪਣਾਉਂਦੀ ਹੈ, ਉਹ ਨਾ-ਵੱਸ-ਹੋਣ-ਵਾਲੇ ਕੰਤ, ਪ੍ਰਭੂ ਨੂੰ ਸਹਿਜੇ ਹੀ ਵੱਸ ਕਰ ਲੈਂਦੀ ਹੈ।

ਗੁਣਾਂ ਦੀ ਟਕਸਾਲ ਵਿਚ ਘੜਿਆ 'ਖਵਣ' ਇਕ ਵਡਮੁੱਲਾ ਸਿੱਕਾ ਹੈ, ਜਿਸ ਦਾ ਇਕ ਪਾਸਾ ਖਿਮਾ ਹੈ, ਦੂਸਰਾ ਸਹਿਨਸ਼ੀਲਤਾ। ਖਿਮਾ ਵਾਹਿਗੁਰੂ ਦਾ ਬਿਰਦ ਹੈ, ਸਤਿਗੁਰੂ ਦੀ ਰੱਬੀ ਸਿਫ਼ਤ ਹੈ, ਜਾਂ ਮਾਂ ਪਿਉ ਦਾ ਸੁਭਾਅ ਹੈ। ਦੋਸ਼ੀਆਂ ਨੂੰ ਖਿਮਾ ਕਰਨਾ, ਭੁੱਲਾਂ ਨੂੰ ਮੁਆਫ਼ ਕਰਨਾ ਜਾਂ ਅਉਗੁਣਾਂ ਨੂੰ ਨਜ਼ਰ ਅੰਦਾਜ਼ ਕਰਨਾ

---

* ਹੋਣੀ ਚਾਹੀਦੀ ਹੈ। ਹੇ ਦੋ ਜਹਾਨ ਦੇ ਵਾਲੀਆ ! ਸਰਬ-ਕਲਾ ਸਮਰੱਥ ਸੱਚੇ ਪਾਤਸ਼ਾਹ ! ਤੇਰ ਹੱਥ ਵਿਚ ਸਭ ਕੁਛ ਹੈ। ਹੇ ਕਾਦਰਾ ! ਕੁਲ ਕਾਇਨਾਤ ਕੁਦਰਤ ਤੇਰੇ ਇਲਾਹੀ ਹੁਕਮ ਦੀ ਗ਼ੁਲਾਮ ਹੈ। ਹਰ-ਦੋ ਆਲਮ ਤੇਰੇ ਹੁਕਮਾਂ ਦੇ ਬੰਦੇ ਹਨ। ਹੇ ਸਰਬੱਗ ਪੁਰਖ ! ਤੇਰੀ ਗਹਿਣਗਤਿ ਤਾਂ ਅਪਰ ਅਪਾਰ ਹੈ; ਤੂੰ ਕਾਦਰੇ ਮੁਤਲਕ ਹੈਂ ਕਿ ਜ਼ਮੀਨ ਅਸਮਾਨ ਦੇ ਕੁਲਾਬੇ ਮਿਲਾ ਕੇ ਕਿਆਮਤ ਬਰਪਾ ਕਰ ਦੇਵੇਂ। ਮੈਂ ਆਪ ਦੇ ਦਰ ਦਾ ਇਕ ਟੁਕੜ-ਗਦਾਈ ਕੂਕਰ ਹਾਂ। ਮੈਨੂੰ ਹੁਕਮ ਕਰੋ, ਇਸ ਜ਼ਾਲਮ ਰਾਜ ਦਾ ਤਖ਼ਤਾ ਯਕ-ਦਮ ਉਲਟਾ ਦੇਵਾਂ, ਦਿੱਲੀ ਅਤੇ ਲਾਹੌਰ ਦੀਆਂ ਜ਼ਾਲਮੀ ਰਾਜਧਾਨੀਆਂ ਨੂੰ ਦੋਹੀਂ ਹੱਥੀਂ ਫੜ ਕੇ ਭਿੜਾ ਦੇਵਾਂ ਅਤੇ ਛਿਨ ਵਿਚ ਪਾਸ਼ ਪਾਸ਼ ਕਰ ਦੇਵਾਂ।''

ਸ੍ਰੀ ਗੁਰੂ ਸਾਹਿਬ ਜੀ ਸੁਰਤਿ-ਮਗਨਾਈਆਂ ਸਮਾਧੀਆਂ ਤੋਂ ਸਾਵਧਾਨ ਹੋ ਕੇ ਪ੍ਰੇਮ-ਰਸਾਈਆਂ ਇਲਾਹੀ ਇਸ਼ਕ-ਹੁਲਸਾਈਆਂ ਅੱਖੀਆਂ ਨੂੰ ਖੋਲ੍ਹ ਕੇ ਹੱਸ-ਵਿਗਸਣੇ ਮਿਠੜੇ ਸ਼ਾਂਤ-ਬੋਲ ਬੋਲ ਕੇ ਮੀਆਂ ਮੀਰ ਜੀ ਨੂੰ ਸੰਬੋਧਨ ਸਹਿਤ ਫਰਮੋਂਦੇ ਹਨ—ਪਿਆਰਿਆ ਅਲਮਸਤ ਫ਼ਕੀਰਾ ! ਖ਼ੁਦਾ-ਪ੍ਰਸਤੀ ਦੇ ਇਸ਼ਕ ਦਿਆ ਅਮੀਰਾ ! ਰੱਬੀ ਰਹਿਮਤ ਦਿਆ ਹੱਕ-ਸ਼ਿਨਾਸ ਮੀਰਾਂ ਮੀਰਾ ! ਤੈਨੂੰ ਆਪਣੀ ਨਿਜ ਪਾਕ-ਬਾਜ਼ੀ ਉਤੇ ਬੜਾ ਨਾਜ਼ ਹੈ, ਆਪਣੀ ਰੂਹਾਨੀ ਤਾਕਤ-ਤ੍ਰਾਣ ਉਤੇ ਬੜਾ ਮਾਣ ਹੈ, ਪਰ ਹੁੰਦੇ ਤਾਣ ਨਿਤਾਣਾ ਹੋਣਾ ਅਤੇ ਹੁੰਦੇ ਮਾਣ ਨਿਮਾਣਾ ਹੋਣਾ ਭੀ ਆਪ ਜਿਹੇ ਰੱਬੀ ਬੰਦਿਆਂ ਦਾ ਕੰਮ ਹੈ। ਮਹਾਂ ਪੁਰਖਾ ! ਅਜਰ ਨੂੰ ਜਰਨਾ ਹੀ ਤੈਨੂੰ ਸੋਭਦਾ ਹੈ। ਵਸਤੂ ਵੱਡੀ ਹੈ, ਭਾਂਡਾ ਛੋਟਾ ਹੈ, ਸੰਭਾਲ ਕੇ ਰਖ। ਸਾਨੂੰ ਧੁਰ-ਦਰਗਾਹੀ ਹੁਕਮ ਹੀ ਐਸਾ ਹੈ ਕਿ ਸਰੀਰ ਰੂਪੀ ਭਾਂਡੇ ਨੂੰ ਮਿਠੇ ਭਾਣਿਆਂ ਅੰਦਰ ਹੀ ਭੰਨ-ਤੋੜ ਦੇਣਾ ਹੈ, ਠੀਕਰਾ ਫੋੜ ਦੇਣਾ ਹੈ ! ਭਾਣਾ ਅਮਿਟ ਹੈ ! ਹੁਕਮਾਂ ਦੀ ਕਾਰ ਹੈ ! ਤੁਸੀਂ ਆਪੇ ਤੋਂ ਬਾਹਰ ਨਹੀਂ ਹੋਣਾ ! ਦੇਖੋ ਕਰਤਾਰ ਦੇ ਰੰਗ ! ਸ਼ਕਤੀ ਕਰਾਮਾਤ ਦਿਖਾਉਣਾ ਜਣਾਉਣਾ ਭਗਤੀ ਮਾਰਗ ਤੋਂ ਬਹੁਤ ਉਰਡੇ ਹੈ। ਰਹਿਮਤ ਦੇ ਘਰ ਵਿਚ ਆਓ, ਖ਼ਲਕਤ ਖ਼ੁਦਾਈ ਤੇ ਕਹਿਰ ਬਰਪਾ ਕਰਨਾ ਖ਼ੁਦਾਈ ਬੰਦਿਆਂ ਦਾ ਕੰਮ ਨਹੀਂ। ਅਸੀਂ ਗੁਰਬਾਣੀ ਨਮਿਤ ਕੁਰਬਾਨੀ ਦੇ ਹਵਨ ਕੁੰਡ ਵਿਚ ਖਿੜੇ ਮੱਥੇ ਅਹੂਤੀ ਦੇਣੀ ਹੈ, ਬਸ ਜ਼ਰੂਰ ਦੇਣੀ ਹੈ। ਪਰਮਾਤਮਾ ਨੇ ਭਗਤੀ ਦੀਆਂ ਜੜ੍ਹਾਂ ਪਤਾਲ ਵਿਚ ਲਾ ਦੇਣੀਆਂ ਹਨ। ਧੁਰ ਕੀ ਆਈ ਬਾਣੀ ਦੇ ਬੋਹਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰ-ਪਦਵੀ ਦੀ ਅਸਥਿਤੀ ਦਾ ਅਰੰਭ ਰਚਣਾ ਹੈ, ਤਾਂ ਜੁ ਕਲਜੁਗੀ ਜੀਵਾਂ ਦਾ ਜੁਗੋ ਜੁਗ ਉਧਾਰ ਹੁੰਦਾ ਰਹੇ।

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ



www.AKJ.Org

ਮਹਾਨ ਵਿਅਕਤੀ ਦਾ ਕੰਮ ਹੈ, ਉੱਚੀ, ਸੁੱਚੀ ਆਤਮਾ ਦੀ ਖ਼ੂਬੀ ਹੈ। ਜਿਵੇਂ ਇਕ ਸੁਹਿਰਦ ਮਾਲਕ ਨੌਕਰ ਦੀ ਲਾਪਰਵਾਹੀ ਨੂੰ ਮੁਆਫ਼ ਕਰ ਸਕਦਾ ਹੈ, ਇਵੇਂ ਹੀ ਪਿਤਾ ਪੁੱਤਰ ਦੇ ਅਪਰਾਧ ਨੂੰ ਬਖਸ਼ ਕੇ ਗਲੇ ਲਗਾਉਂਦਾ ਹੈ, ਪਰ ਪੁੱਤਰ ਆਪਣੇ ਪਿਤਾ ਨੂੰ ਖਿਮਾ ਕਰਦਾ ਨਹੀਂ ਸੁਣਿਆ। ਇਹ ਕਹਿਣਾ ਫਬਦਾ ਨਹੀਂ ਕਿ ਲਾਲਾ ਗੋਲਾ ਆਪਣੇ ਖਸਮ ਨੂੰ ਖਿਮਾ ਕਰੇ, ਉਸ ਦਾ ਫ਼ਰਜ਼ ਆਪਣੇ ਮਾਲਕ ਦੇ ਹੁਕਮ ਨੂੰ (ਚਾਹੇ ਉਹ ਵਧੀਕੀ ਦੇ ਰੂਪ ਵਿਚ ਦਿਸਦਾ ਹੋਵੇ) ਖਿੜੇ ਮੱਥੇ ਬਰਦਾਸ਼ਤ ਕਰਨਾ ਹੈ। ਇਹ ਜਾਣਦਾ ਹੋਇਆ ਕਿ ਪਿਤਾ ਮੇਰੇ ਅਉਗਣ ਬਖ਼ਸ਼ ਕੇ ਸੁਮਾਰਗ ਪਾਉਂਦਾ ਹੈ, ਸਪੁੱਤਰ ਆਪਣੀ ਜ਼ਬਾਨ ਨਹੀਂ ਖੋਲ੍ਹਦਾ।

ਸਤਿਗੁਰ ਸੱਚਾ ਪਾਤਸ਼ਾਹ ਤਾਂ ਦੈਵੀ ਗੁਣਾਂ ਦਾ ਸਰੂਪ ਹੈ ਹੀ, ਉਸ ਦੇ ਪਿਆਰੇ ਗੁਰਸਿੱਖ ਦੇ ਰਿਦੇ ਵਿਚ ਦੋਹਾਂ ਰੱਬੀ ਗੁਣਾਂ ਦਾ ਸਥਾਈ ਵਾਸਾ ਹੈ। ਉਹ ਜੀਵਨ-ਸੰਘਰਸ਼ ਵਿਚ ਦੁੱਖ-ਕਲੇਸ਼ ਜਾਂ ਸੰਕਟ ਨੂੰ ਅਕਾਲ ਪੁਰਖ ਦੀ ਰਜ਼ਾ ਸਮਝ ਕੇ, ਡੋਲਦਾ ਨਹੀਂ, ਰੋਸ ਨਹੀਂ ਕਰਦਾ, ਢਹਿੰਦੀਆਂ ਕਲਾਂ ਚਿ ਨਹੀਂ ਜਾਂਦਾ, ਬਲਕਿ ਸਹਿਨ ਸ਼ੀਲਤਾ ਦਾ ਤਨੋਂ ਮਨੋਂ ਪ੍ਰਗਟਾਵਾ ਕਰਦਾ ਹੈ। ਭਾਣੇ ਨੂੰ ਅੰਮ੍ਰਿਤ ਸਮਾਨ ਸਮਝ ਕੇ ਮਿੱਠਾ ਮੰਨਣਾ, ਬੜੀ ਔਖੀ ਕਾਰ ਹੈ, ਜਿਸ ਕਰਕੇ ਇਹ ਕੇਵਲ ਗੁਰਮੁਖ ਜਨ ਨੂੰ ਹੀ ਭਾਉਂਦੀ ਅਤੇ ਸੋਭਦੀ ਹੈ। ਇਸ ਦੇ ਨਾਲ ਹੀ ਉਹ ਆਪਣੇ ਤੋਂ ਛੋਟੇ, ਗਰੀਬ, ਅਨਾਥ ਜਾਂ ਲੋੜਵੰਦ ਦੀ ਖ਼ਤਾ ਨੂੰ ਇਨਸਾਨੀ ਭੁੱਲ ਜਾਣਦਿਆਂ ਕਦੇ ਤੈਸ਼ ਵਿਚ ਨਹੀਂ ਆਂਦਾ, ਕ੍ਰੋਧ ਵਿਚ ਅੱਗ ਬਗੋਲਾ ਨਹੀਂ ਹੁੰਦਾ ਅਤੇ ਧੀਰਜ ਦਾ ਪਲਾ ਕਦੇ ਨਹੀਂ ਛਡਦਾ, ਸਗੋਂ ਸਹਜ-ਰੰਗ ਵਿਚ ਟਿਕਿਆ ਰਹਿੰਦਾ ਹੈ।

ਗੁਰਬਾਣੀ ਵਿਚ 'ਖਵਣ' ਦੀ ਵਰਤੋਂ ਖਿਮਾ ਅਤੇ ਸਹਿਨਸ਼ੀਲਤਾ ਦੋਨਾਂ ਲਈ ਕੀਤੀ ਗਈ ਹੈ। ਇਹ ਦੋਨੋਂ ਸ਼ਬਦ ਸਮਾਨਾਰਥਕ ਰੂਪ ਵਿਚ ਵਰਤੇ ਗਏ ਹਨ। ਖਿਮਾ ਅਜਿਹੀ ਰੱਬੀ ਬਖਸ਼ਸ਼ ਹੈ ਜਿਹੜੀ ਅਨ-ਅਧਿਕਾਰੀ ਇਨਸਾਨ ਨੂੰ, ਪ੍ਰੇਰਨਾ, ਸਿਖਿਆ ਤੇ ਉਪਦੇਸ਼ ਦੁਆਰਾ ਘੱਟ ਹੀ ਪ੍ਰਾਪਤ ਹੁੰਦੀ ਹੈ। ਇਹ ਖ਼ਾਸ ਨਦਰਿ ਰਹਿਮਤ ਦੀ ਪ੍ਰਤੀਕ ਹੈ, ਜਿਸ ਦੀ ਮਹਿਮਾ ਭਗਤ ਕਬੀਰ ਜੀ ਨੇ ਇਸ ਹੱਦ ਤਕ ਕੀਤੀ ਹੈ ਕਿ ਜਿਸ ਹਿਰਦੇ ਵਿਚ ਖਿਮਾ ਦਾ ਗੁਣ ਮੌਜੂਦ ਹੈ, ਉੱਥੇ ਅਕਾਲ ਪੁਰਖ ਦਾ ਆਪਣਾ ਠਿਕਾਣਾ ਹੁੰਦਾ ਹੈ—

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥੧੫੫॥ (ਪੰਨਾ ੧੩੭੨)

ਇਹ ਤਾਂ ਕ੍ਰਿਪਾਲੂ ਪ੍ਰਭੂ ਹੀ ਹੈ ਜਾਂ ਉਸ ਦੇ ਪਿਆਰੇ ਸੰਤ ਜਨ ਹਨ, ਜਿਹੜੇ ਅਕ੍ਰਿਤਘਣਾਂ, ਮਨਮੁਖਾਂ ਤੇ ਨਾਸਤਕਾਂ ਦੇ ਨਾ-ਸ਼ੁਕਰੇਪਨ ਤੇ ਅਨੇਕ ਅਵਗੁਣਾਂ ਨੂੰ ਬਿਨਾ ਚਿਤਾਰੇ ਵਿਸਾਰਦੇ ਹਨ। ਨਹੀਂ ਤਾਂ ਸਾਧਾਰਨ ਮਨੁੱਖ ਕ੍ਰੋਧ ਦੀ ਅਗਨੀ ਅਤੇ ਬਦਲੇ ਦੀ ਭਾਵਨਾ ਅਧੀਨ ਏਨਾ ਤਪਿਆ ਹੁੰਦਾ ਹੈ ਕਿ ਚੰਗਿਆਈ ਤੇ ਪਰਉਪਕਾਰ ਓਹ ਸੋਚ ਨਹੀਂ ਸਕਦਾ, ਨਰਮੀ ਦੇ ਬਚਨ ਬੋਲ ਹੀ ਨਹੀਂ ਸਕਦਾ। ਕਈ ਵਾਰ ਉਹ ਆਪ ਬਦਲਾ ਲੈਣ ਦੇ ਅਸਮਰਥ ਹੁੰਦਾ ਹੈ ਪਰ ਜਦ ਉਸ ਦਾ ਵਿਰੋਧੀ ਕੁਦਰਤਿ ਵਲੋਂ ਜਾਂ ਹੋਰ ਜੀਵ ਵਲੋਂ ਮੁਸੀਬਤ ਵਿਚ ਫਸਦਾ ਹੈ ਤਾਂ ਇਹ ਬੰਦਾ ਖਿੜਦਾ ਹੈ ਤੇ ਖਿੱਲੀਆਂ ਮਚਾਉਂਦਾ ਹੈ। ਆਤਮਾ ਤੇ ਮਨ ਦਾ ਇਉਂ ਖਪਣਾ ਖਿਮਾ ਦੀ ਘਾਟ ਦਾ ਪ੍ਰਤੱਖ ਪ੍ਰਗਟਾਵਾ ਹੈ। ਹਜ਼ੂਰ ਦਾ ਬਚਨ ਹੈ—

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥
ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥੪੯॥ (ਦਖਣੀ ਓਅੰਕਾਰ—ਪੰ: ੯੩੭)

ਖਿਮਾ ਕਾਮਣਿ ਦਾ ਵੱਡਮੁੱਲਾ ਗਹਣਾ ਹੈ, ਪਤੀ ਪਰਮੇਸਰ ਨੂੰ ਰੀਝਾਉਣ ਦਾ, ਪ੍ਰਸੰਨ ਕਰਨ ਦਾ ਤੇ ਮੋਹਣ ਦਾ ਸਫਲ ਸ਼ਸਤਰ ਹੈ। ਪ੍ਰਭੂ ਤੁੱਠਣ ਤੇ ਹੀ ਬ੍ਰਹਮ-ਗਿਆਨ ਦਾ ਚਾਨਣ ਰਿਦੇ ਵਿਚ ਉਦੇ ਹੁੰਦਾ ਹੈ। ਗੁਰਵਾਕ ਹੈ :—

ਖਿਮਾ ਸੀਗਾਰੁ ਕਾਮਣਿ ਤਨਿ ਪਹਰੈ ਰਾਵੈ ਲਾਲ ਪਿਆਰੀ ॥੧॥੩੫॥ (੩੫੯)

ਅਤੇ— ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥੫॥੮॥ (੮੩੬)



www.AKJ.Org

ਸਭ ਇਨਸਾਨ ਮੰਗਤੇ ਹਨ। ਇਕ ਮੰਗਤਾ ਦੂਸਰੇ ਮੰਗਤੇ ਤੋਂ ਕਿੰਨਾ ਕੁਝ ਪ੍ਰਾਪਤ ਕਰ ਸਕਦਾ ਹੈ? ਮੰਗਣ ਵਿਚ ਹੇਠੀ, ਨਾ ਮਿਲਣੇ ਤੇ ਅਪਮਾਨ ਅਤੇ ਘ੍ਰਿਣਾ ਭਰਪੂਰ ਕੋਰੇ ਜਵਾਬ ਵਿਚ, ਤ੍ਰਿਸਕਾਰ ਦੇ ਗਹਿਰੇ ਜ਼ਖ਼ਮਾਂ ਨਾਲ ਘਾਇਲ ਹੁੰਦੇ ਬੰਦੇ ਸਭਨਾਂ ਨੇ ਤੱਕੇ ਹੋਣਗੇ। ਕਰਤਾ ਇਕ ਮਹਾਨ ਜਜਮਾਨ ਹੈ, ਸੁਹਿਰਦ ਦਾਤਾਰ ਹੈ, ਦਿਆਲੂ ਤੇ ਕ੍ਰਿਪਾਲੂ ਹੈ, ਜਿਸ ਤੋਂ ਲੋੜਾਂ ਦੀ ਮੰਗ ਕਰਨ ਨਾਲ ਨਾ ਸ੍ਵੈਮਾਨਤਾ ਨੂੰ ਠੇਸ ਲੱਗਦੀ ਹੈ, ਨਾ ਗੌਰਵ ਦਾ ਪਤਨ ਹੁੰਦਾ ਹੈ। ਏਥੇ ਖਿਮਾ ਧੀਰਜ ਜਾਂ ਸਹਿਨਸ਼ੀਲਤਾ ਜੈਸੇ ਦੈਵੀ ਗੁਣ ਪੂਰਨ ਅਡੋਲਤਾ ਪਰਦਾਨ ਕਰਕੇ ਪ੍ਰਭੂ-ਲੀਨਤਾ ਤਕ ਪਹੁੰਚਾਉਂਦੇ ਹਨ। ਇਕ-ਮਿੱਕਤਾ ਦੀ ਦਸ਼ਾ ਵਿਚ ਦਾਤੇ-ਮੰਗਤੇ ਦੀ ਵਿੱਥ ਆਪਣੇ ਆਪ ਮਿਟਦੀ ਹੈ। ਖਿਮਾ ਧੀਰਜ ਤੇ ਸਿਫਤਿ ਸਾਲਾਹ ਵਿਚ ਮਿਹਰ ਤੇ ਬਖ਼ਸ਼ਸ਼ ਦੇ ਖ਼ਜ਼ਾਨੇ ਹਨ।

ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥
ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ॥੪॥੭॥
(ਪ੍ਰਭਾਤੀ ਮਹਲਾ ੧–੧੩੨੯)

ਮੁਆਫ਼ ਕਰਨ ਜਾਂ ਬਖ਼ਸ਼ ਦੇਣ ਦੇ ਭਾਵ ਵਿਚ 'ਖਿਮਾ' ਦੀ ਵਰਤੋਂ ਗੁਰਬਾਣੀ ਵਿਚ ਕਈ ਥਾਂ ਕੀਤੀ ਗਈ ਹੈ। ਖਿਮਾ ਨਾ ਕਰਨਾ ਪੱਥਰ-ਦਿਲੀ ਦਾ ਸੂਚਕ ਹੈ। ਹਾਨੀ ਪਹੁੰਚਾਉਣ ਵਾਲੀ ਜ਼ਿਦ ਜਾਂ ਹੱਠ-ਧਰਮੀ ਸੂਖਸ਼ਮ ਤਰਲ ਗੁਣਾਂ ਨੂੰ ਆਪਣੇ ਹਿਰਦੇ ਵਿਚ ਸਮਾਉਣ ਨਹੀਂ ਦਿੰਦੀ ਤੇ ਟਿਕਾਉਣ ਨਹੀਂ ਦਿੰਦੀ। ਮਨ ਦੀ ਕਠੋਰਤਾ ਦਾ ਆਧਾਰ ਦਇਆ, ਧਰਮ ਤੇ ਸਹਜ ਦੀ ਅਣਹੋਂਦ ਹੈ, ਸ਼ਾਂਤੀ ਤੇ ਹਮਦਰਦੀ ਦੀ ਕਮੀ ਹੈ। ਇਸ ਦਾ ਸਫਲ ਇਲਾਜ ਗੁਰਮਤਿ ਵਿਧੀ ਦੁਆਰਾ ਗੁਰ-ਸ਼ਬਦ ਦੀ ਅਭਿਆਸ ਕਮਾਈ ਹੈ। ਹਜ਼ੂਰ ਦਾ ਫ਼ੁਰਮਾਨ ਹੈ:–

ਮਨੁ ਕਠੋਰੁ ਸਬਦਿ ਭੇਦਿ ਤੂੰ, ਸਾਂਤਿ ਵਸੈ ਮਨਿ ਆਈ॥
ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ॥
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ, ਪੁਛਹੁ ਗਿਆਨੀ ਜਾਇ।੧॥੯॥ (ਪੰਨਾ ੫੫੧)

ਦਸਮੇਸ਼ ਪਿਤਾ ਨੇ ਵੀ ਦਇਆ ਤੇ ਖਿਮਾ ਦਾ ਸੁਜੋੜ ਆਪਣੀ ਬਾਣੀ ਵਿਚ ਦੁਹਰਾਇਆ ਹੈ–

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥੨॥੧॥ (ਸ਼ਬਦ ਹਜ਼ਾਰੇ)

ਖਿਮਾ ਦਾ ਸੰਬੰਧ ਮਨ ਨਾਲ ਹੈ, ਕੇਵਲ ਜ਼ਬਾਨ ਨਾਲ ਨਹੀਂ। ਇਸ ਤੋਂ ਅਗਲੇਰਾ ਕਦਮ ਤਨ ਮਨੋ ਨਾਲ ਖਿਮਾ ਕਰਨਾ ਅਰਥਾਤ ਨਿਸ਼ਕਾਮ ਹੋ ਕੇ ਬੁਰੇ ਨਾਲ ਭਲਾ ਕਰਨਾ ਹੈ। ਭਲੇ ਨਾਲ ਭਲਾ ਕਰਨਾ ਤੇ ਬੁਰੇ ਨਾਲ ਬੁਰਾ ਕਰਨਾ ਏਨਾ ਕਠਨ ਨਹੀਂ, ਪਰ ਬੁਰਾਈ ਦਾ ਉੱਤਰ ਭਲਾਈ ਵਿਚ ਦੇਣਾ, ਮਨ ਦੀ ਪਵਿੱਤਰਤਾ, ਹਿਰਦੇ ਦੀ ਵਿਸ਼ਾਲਤਾ, ਆਤਮਾ ਦੀ ਉੱਚਤਾ ਤੇ ਨਿਡਰਤਾ ਬਿਨਾ ਸੰਭਵ ਨਹੀਂ। ਭਾਈ ਗੁਰਦਾਸ ਜੀ ਦਾ ਬਚਨ ਹੈ–

ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ, ਅਵਗੁਨ ਕੀਏ ਗੁਨ ਤੋਹੀ ਬਨਿ ਆਯੋ ਹੈ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਜੀਵਨ ਨਿਮਰਤਾ ਤੇ ਸਹਿਨਸ਼ੀਲਤਾ ਦਾ ਸੁਚਿੱਤਰ ਹੈ। ਧੁਰ-ਦਰਗਾਹੋਂ ਉੱਤਰੀ ਬਾਣੀ ਆਤਮ ਸਮਰਪਣ ਦਾ ਬਿਮਲ ਸਰੂਪ ਹੈ, ਇਹ ਦੁਰਲਭ ਖ਼ਜ਼ਾਨਾ ਹੈ ਹਜ਼ੂਰ ਦੇ ਰੱਬੀ ਗੁਣਾਂ ਦਾ, ਜਿਨ੍ਹਾਂ ਦੀ ਪੁਸ਼ਟੀ ਆਪ ਨਾਲ ਵਾਪਰੀਆਂ ਇਤਿਹਾਸਕ ਘਟਨਾਵਾਂ ਕਰਦੀਆਂ ਹਨ। ਦਿਉ ਕਥਨੀ, ਕਰਨੀ ਦੇ ਪੂਰੇ ਦਾਤਾਰ ਪਿਤਾ ਜੀ ਕੇਵਲ ਉਪਦੇਸ਼ ਰਾਹੀਂ ਹੀ ਨਹੀਂ, ਬਲਕਿ ਉਸ ਨੂੰ ਆਪਣੇ ਉੱਤੇ ਘਟਾ ਕੇ ਪ੍ਰਤੱਖ ਦਰਸਾਉਂਦੇ ਹਨ। ਗੁਰਦੇਵ ਜੀ ਦੇ 'ਸੀਤਲੁ ਸੁਖ ਦਾਤਉ' ਤੇ 'ਧ੍ਰੰਮ ਧੀਰੁ, ਗੁਰਮਤਿ ਗੰਭੀਰੁ' ਜੈਸੇ ਗੁਣਾਂ ਨੇ ਭੱਟਾਂ ਦੀ ਆਤਮਾ ਨੂੰ ਉਸ ਵੇਲੇ ਟੁੰਬਿਆ ਸੀ ਜਦ ਆਪ ਨੇ ਗੁਰਿਆਈ ਦੀ ਜ਼ਿਮੇਵਾਰੀ ਅਜੇ ਸੰਭਾਲੀ ਸੀ ਤੇ ਸ਼ਹਾਦਤ ਦਾ ਸਾਕਾ ਅਜੇ ਬਹੁਤ ਦੂਰ ਸੀ।

ਪੰਚਮ ਪਾਤਸ਼ਾਹ ਨੂੰ ਸਭ ਤੋਂ ਪਹਿਲਾਂ ਪ੍ਰਿਥੀ ਚੰਦ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਉਹ ਆਯੂ ਵਿਚ ਵੱਡਾ ਹੋਣ ਦੇ ਨਾਤੇ ਗੁਰਿਆਈ ਨੂੰ ਜੱਦੀ ਜਾਇਦਾਦ ਸਮਝ ਕੇ ਆਪਣਾ ਹੱਕ ਜਤਲਾਉਣਾ


www.AKJ.Org

ਚਾਹੁੰਦਾ ਸੀ। ਇਸ ਕੋਝੇ ਮੰਤਵ ਦੀ ਪੂਰਤੀ ਲਈ, ਉਸ ਨੇ ਗੁਰਦੇਵ ਜੀ ਨੂੰ ਆਪਣੇ ਸਤਹ ਤੇ ਤੰਗ ਕਰਨ, ਦੀਆਂ ਕਈ ਵਿਉਂਤਾਂ ਬਣਾਈਆਂ, ਬਾਲਕ ਰੂਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਜ਼ਿੰਦਗੀ ਉਤੇ ਬਾਰ ਬਾਰ ਹਮਲੇ ਕੀਤੇ, ਮੁਗ਼ਲ ਬਾਦਸ਼ਾਹ ਅਤੇ ਸੁਲਹੀ ਖਾਨ ਸੁਲਬ਼ੀ ਖਾਨ ਦੀ ਵੀ ਪੂਰੀ ਓਟ ਲਈ। ਸਰਬ ਗੁਣਾਂ ਦੇ ਨਾਇਕ ਗੁਰਦੇਵ ਜੀ ਨੇ ਇਨ੍ਹਾਂ ਔਕੜਾਂ ਤੇ ਕਸ਼ਟਾਂ ਨੂੰ ਅਥਾਹ ਧੀਰਜ ਤੇ ਸਬਰ ਨਾਲ ਬਰਦਾਸ਼ਤ ਕੀਤਾ ਤੇ ਆਪਣੇ ਮੁਖਾਰਬਿੰਦ ਤੋਂ ਉਚਾਰੇ ਬਚਨ ਨੂੰ ਅਮਲੀ ਰੂਪ ਵਿਚ ਬਦਲ ਕੇ ਦਿਖਾਇਆ—

ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥੧॥੮॥

(ਸੁਖਮਨੀ ਸਾਹਿਬ—੨੭੨)

ਧਰਤੀ ਨੂੰ ਮਾਤਾ ਇਸ ਕਰਕੇ ਵੀ ਆਖਿਆ ਗਿਆ ਹੈ ਕਿ ਉਸ ਦਾ ਧੀਰਜ ਮਾਤਾ ਦੇ ਧੀਰਜ ਸਮਾਨ ਹੈ। ਮਾਤਾ ਆਪਣੇ ਬੱਚੇ ਦੇ ਅਉਗੁਣਾਂ ਨੂੰ ਚਿਤਾਰਦੀ ਨਹੀਂ, ਸੁਮੱਤਿ ਜ਼ਰੂਰ ਦਿੰਦੀ ਹੈ, ਵੱਡੇ ਕਸੂਰਾਂ ਤੇ ਦੋਸ਼ਾਂ ਨੂੰ ਹਿਰਦੇ ਵਿਚ ਨੱਪ ਕੇ ਮੁਆਫ਼ ਕਰਦੀ ਹੈ। ਪ੍ਰਿਥੀ ਚੰਦ ਦੀ ਈਰਖਾ ਦਾ ਕੋਈ ਸਿਰਾ ਨਹੀਂ, ਪਰ ਗੁਰਦੇਵ ਜੀ ਦੇ ਧੀਰਜ ਦੀ ਕੋਈ ਹੱਦ ਨਹੀਂ। ਪ੍ਰਿਥੀ ਚੰਦ ਨੇ ਈਰਖਾ ਗ੍ਰਸਤ ਹੋ ਕੇ, ਜੋ ਵੀ ਸੰਭਵ ਹੋ ਸਕਿਆ ਕੀਤਾ ਅਤੇ ਕਰ ਗੁਜ਼ਰਨ ਵਿਚ ਬਿਲਕੁਲ ਢਿੱਲ ਨਹੀਂ ਵਰਤੀ। ਗੁਰਿਆਈ ਸਮੇਂ ਦਸਤਾਰਬਦੀ ਦੀ ਰਸਮ ਦੌਰਾਨ ਜ਼ਬਰਦਸਤੀ ਪਗੜੀ ਖੋਹਣ ਦੀ ਗੁਸਤਾਖੀ ਕਰਨੀ, ਧੋਖੇ, ਛਲ ਜਾਂ ਧਿੰਗਾ ਜ਼ੋਰੀ ਨਾਲ ਸੰਗਤਾਂ ਦੀ ਮਾਇਆ ਬਟੋਰਨੀ, ਮਨ ਵਿਚ ਸਾੜਾ ਤੇ ਵੈਰ ਭਾਵਨਾ ਰੱਖਣੀ, ਰਸਨਾ ਦੁਆਰਾ ਨਿੰਦਾ, ਚੁਗਲੀ, ਤੇ ਫਿੱਕੇ ਬਚਨਾਂ ਦੀ ਵਰਤੋਂ ਕਰਨੀ ਉਸ ਦੀ ਭੈੜੀ ਨੀਯਤ ਦੇ ਨਮੂਨੇ ਸਨ। ਕੀ ਗੁਰਦੇਵ ਜੀ ਕੋਲ ਜਵਾਬੀ ਹਮਲੇ ਦੀ ਤਾਕਤ ਦੀ ਘਾਟ ਸੀ? ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਅਨੇਕ ਨਿਕਟਵਰਤੀ ਸਿੱਖ ਆਗਿਆ ਪਾਲਣ ਲਈ ਤੱਤਪਰ ਰਹਿੰਦੇ ਸਨ। ਨਿਰਸੰਦੇਹ ਬੁਰੇ ਦਾ ਭਲਾ ਚਿਤਵਣਾ, ਖਿਮਾ ਦਾ ਪ੍ਰਗਟਾਵਾ ਵੀ ਹੈ ਤੇ ਪ੍ਰਮਾਣ ਵੀ। ਸ਼ਕਤੀ ਹੁੰਦਿਆਂ ਬੁਰੇ ਦੀ ਹਾਨੀ ਨਾ ਕਰਨੀ, ਬਲਕਿ ਯੋਗ ਅਵਸਰ ਆਉਣ ਤੇ ਹਮਦਰਦੀ ਕਰਨੀ ਤੇ ਦੁੱਖ ਵੇਲੇ ਸਹਾਇਤਾ ਕਰਨੀ, ਖਿਮਾ ਦਾ ਅਮਲੀ ਸਰੂਪ ਹੈ। ਬਦਲ ਦੇ ਜਜ਼ਬੇ ਅਤੇ ਕ੍ਰੋਧ ਜੈਸੀ ਬੇਮੁਹਾਰੀ ਮੂਲ ਪ੍ਰਵਿਰਤੀ ਦੇ ਹੁੰਦਿਆਂ, ਕੋਈ ਜੀਵ ਜ਼ਬਾਨ ਦੀ ਮਿਠਾਸ ਤੇ ਸੁਚੱਜੇ ਸ਼ਬਦਾਂ ਸਹਿਤ ਠਰ੍ਹੰਮੇ ਨਾਲ ਅੰਮ੍ਰਿਤ ਬਚਨ ਉਚਾਰ ਨਹੀਂ ਸਕਦਾ। ਕ੍ਰੋਧੀ ਮਨੁੱਖ ਦੇ ਸੜੇ ਹੋਏ ਹਿਰਦੇ ਵਿਚ ਖਿਮਾ ਦਾ ਬੂਟਾ ਕਦੇ ਨਹੀਂ ਪਲ੍ਹਮਦਾ। ਕ੍ਰੋਧ ਨਿਵਾਰੇ ਬਿਨਾ ਖਿਮਾ ਦਾ ਵਾਸਾ ਨਹੀਂ ਹੋ ਸਕਦਾ। ਸ਼ਾਂਤੀ ਸਰੂਪ ਸਤਿਗੁਰੂ ਦੇ ਨਿਕਟ ਗੁੱਸੇ ਦਾ ਕੀ ਕੰਮ? ਹਜ਼ੂਰ ਫ਼ੁਰਮਾਉਂਦੇ ਹਨ—

ਗੁਰ ਮਿਲਿਐ ਹਮ ਕਉ ਸਰੀਰ ਸੁਧਿ ਭਈ ॥
ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ (੨੩੩)

ਪ੍ਰਿਥੀ ਚੰਦ ਨੇ ਸੰਗਤਾਂ ਦੀਆਂ ਭੇਟਾਂ ਖੋਹੀਆਂ, ਹਜ਼ੂਰ ਨੇ ਮਸਤ ਲੰਗਰ ਪਰਵਾਨ ਕੀਤੇ, ਅੰਮ੍ਰਿਤਸਰ ਛੱਡ ਕੇ ਗੁਰੂ ਕੀ ਵਡਾਲੀ ਚਲੇ ਗਏ ਅਤੇ ਉਸ ਧਰਤੀ ਵਿਚ ਹਰਿਆਲੀ ਭਰ ਦਿੱਤੀ। ਪ੍ਰਿਥੀ ਚੰਦ ਨੇ ਉੱਥੇ ਵੀ ਪਿੱਛਾ ਕੀਤਾ, ਸਾਹਿਬਜ਼ਾਦੇ ਨੂੰ ਜਾਨੋਂ ਮਾਰਨ ਲਈ ਫੱਤੋ ਦਾਈ ਨੂੰ ਭੇਜਿਆ, ਸਪੇਰੇ ਦੁਆਰਾ ਜ਼ਹਿਰੀਲਾ ਸੱਪ ਛੱਡਿਆ, ਖਿਡਾਵੇ ਨੂੰ ਲਾਲਚ ਦੇ ਕੇ ਉਸ ਰਾਹੀਂ ਦਹੀਂ ਵਿਚ ਜ਼ਹਿਰ ਮਿਲਾਇਆ, ਮੁਗ਼ਲ ਹਕੂਮਤ ਦੇ ਕੰਨ ਭਰ ਕੇ ਫ਼ੌਜ ਚੜ੍ਹਾਈ, ਪਰ ਹਜ਼ੂਰ ਦੀ ਸ਼ਾਂਤ ਅਵਸਥਾ ਅਡੋਲ ਰਹੀ। ਸ਼ਰੀਕਾਂ ਦੇ ਸਾੜੇ, ਚੰਦੂ ਦਾ ਰੋਸਾ, ਭਗਤ ਕਾਨ੍ਹੇ ਦੀ ਈਰਖਾ, ਤੇ ਮੁਰਤਜ਼ਾ ਖ਼ਾਨ ਦੀ ਚੁਗਲੀ, ਇਹ ਸਾਰੀਆਂ ਅਗਨੀਆਂ ਇਕ ਪਾਸੇ ਅਤੇ ਹਜ਼ੂਰ ਦੀ ਸ਼ਾਂਤ-ਚਿਤ ਅਵਸਥਾ ਤੇ ਖਿਮਾ ਦੀ ਸ਼ਕਤੀ ਦੂਜੇ ਪਾਸੇ। ਐਸੇ ਗੁਣ ਦੀ ਸੋਝੀ ਭਗਤ ਕਬੀਰ ਜੀ ਨੂੰ ਹੀ ਬਣ ਆਉਂਦੀ ਹੈ—

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥ (ਪੰਨਾ ੧੩੭੩)



www.AKJ.Org

ਏਨੇ ਦੋਖੀਆਂ ਦੀ ਲਗਾਤਾਰ ਮਾੜੀਆਂ ਕਰਤੂਤਾਂ ਦੇ ਬਾਵਜੂਦ ਹਜ਼ੂਰ ਨੇ ਮਾਨਸਕ ਪੀੜਾ ਨੂੰ ਨਿਕਟ ਨਹੀਂ ਆਉਣ ਦਿੱਤਾ। ਬਾਅਦ ਵਿਚ ਵਾਰੀ ਆਈ ਜਹਾਂਗੀਰ ਬਾਦਸ਼ਾਹ ਦੀ, ਜਿਸ ਦੀ ਧਾਰਮਕ ਤੰਗਦਿਲੀ ਨੇ ਰੂਹਾਨੀ ਮਿਸ਼ਨ ਦੀ ਸਪਿਰਟ ਨੂੰ ਖ਼ਤਮ ਕਰਨ ਲਈ ਅਕਹਿ ਸਰੀਰਕ ਤਸੀਹੇ ਦੇ ਕੇ ਸ਼ਹਾਦਤ ਦਾ ਜਾਮ ਪਿਲਾਇਆ। ਗੁਰ ਵਿਅਕਤੀ ਦੀ ਇਹ ਪਹਿਲੀ ਸ਼ਹਾਦਤ ਸੀ, ਜਿਸ ਨੇ ਗੁਰਸਿੱਖੀ ਦੀ ਰੂਪ-ਰੇਖਾ ਵਿਚ ਸਬਰ, ਸਿਦਕ, ਸੰਤੋਖ ਤੇ ਅਹਿੰਸਾਵਾਦੀ ਉਪਦੇਸ਼ ਦਾ ਰੰਗ ਭਰਿਆ।

ਪੰਚਮ ਪਾਤਸ਼ਾਹ ਦੀ ਪ੍ਰਤਿਭਾ ਕੇਵਲ ਸ਼ਹਾਦਤ ਕਰਕੇ ਨਹੀਂ, ਸ਼ਹਾਦਤ ਪਿੱਛੇ ਮਹਾਨ ਭਾਵਨਾ ਕਰਕੇ ਹੈ। ਕਸ਼ਟ ਤਾਂ ਇਖ਼ਲਾਕੀ ਮੁਜਰਮ ਵੀ ਬਰਦਾਸ਼ਤ ਕਰਦੇ ਹਨ, ਪਰ ਉੱਥੇ ਕੁਕਰਮਾਂ ਦੀ ਸਜ਼ਾ ਹੈ, ਜ਼ੁਲਮ ਸਿਤਮ ਚੋਰੀ ਦਾ ਫਲ ਹੈ, ਲਾਲਚ ਕ੍ਰੋਧ ਤੇ ਬਦਲੇ ਦਾ ਪ੍ਰਤੀਕਰਮ ਹੈ, ਮਜਬੂਰੀ ਹੈ, ਬੇਬਸੀ ਹੈ; ਪਰ ਇਥੇ ਤਾਂ ਹਰੇਕ ਗੱਲ ਵੱਖਰੀ ਹੈ। ਪ੍ਰਭੂ ਦੀ ਰਜ਼ਾ, ਹੁਕਮ ਦਾ ਸਹੀ ਪਾਲਣ, ਭਾਣੇ ਨੂੰ ਮਿੱਠਾ ਸਮਝਣਾ, ਅਣਖ ਨੂੰ ਕਾਇਮ ਰੱਖਣਾ, ਆਦਿ ਗੁਣਾਂ ਦੀ ਆਭਾ ਭਰੀ ਤਸਵੀਰ ਹੈ।

ਸ਼ਹੀਦਾਂ ਦੇ ਸਿਰਤਾਜ ਪ੍ਰਿਤਾ ਨੇ, ਆਪਣੀ ਰੱਖਿਆ ਲਈ ਪੁਕਾਰ ਨਹੀਂ ਕੀਤੀ, ਆਪਣੀ ਜਾਨ ਬਚਾਉਣ ਲਈ ਸੰਗਤ ਦੀ ਮਾਇਆ, ਜੁਰਮਾਨਾ ਭਰਨ ਲਈ ਨਹੀਂ ਵਰਤੀ। ਆਪਣੇ ਆਪ ਨੂੰ ਦੇਹੀ ਨਹੀਂ ਸਗੋਂ ਪਰਮਾਤਮਾ ਦਾ ਅੰਸ਼ ਆਤਮਾ ਸਮਝਿਆ, ਪਰ ਸਰੀਰਕ ਕਸ਼ਟਾਂ ਨੂੰ ਖ਼ਤਮ ਕਰਨ ਲਈ ਸਰੀਰ ਤੋਂ ਨਾਤਾ ਨਹੀਂ ਤੋੜਿਆ, ਅਰਥਾਤ, ਸਮਾਧੀ ਲਾ ਕੇ ਦਸਮ ਦੁਆਰ ਵਿਚ ਪ੍ਰਾਣ ਨਹੀਂ ਚੜ੍ਹਾਏ, ਬਲਕਿ ਸੁਚੇਤ ਰਹਿ ਕੇ, ਗੁਰਸਿੱਖਾਂ ਨੂੰ ਉਪਦੇਸ਼ ਦੇਂਦਿਆਂ ਤੇ ਮੀਆਂ ਮੀਰ ਨੂੰ ਸਮਝਾਉਂਦਿਆਂ ਸਰੀਰਕ ਦੁਖੜੇ ਝੱਲੇ, ਉਫ਼ ਨਹੀਂ ਕੀਤੀ, ਸੀ ਨਹੀਂ ਉਚਾਰੀ, ਮਨ ਵਿਚ ਗਿਲਾਨੀ ਨਹੀਂ ਆਉਣ ਦਿੱਤੀ, ਸ਼ਿਕਵਾ ਨਹੀਂ ਕੀਤਾ, ਬਦ-ਅਸੀਸ ਨਹੀਂ ਦਿੱਤੀ, ਨਾ ਕੋਈ ਕਰਾਮਾਤ ਵਿਖਾਈ, ਸਗੋਂ ਨਿਰਵੈਰਤਾ ਤੇ ਨਿਰਭੈਤਾ ਸਹਿਤ ਆਪਣਾ ਮਨ ਨਿਰਮਲ, ਬੇਕੀਨਾ ਤੇ ਬਲਵਾਨ ਰੱਖ ਕੇ, ਇਹੋ ਅਲੌਕਿਕ ਬਖ਼ਸ਼ਸ਼ ਗੁਰਸਿੱਖਾਂ ਨੂੰ ਵਿਰਸੇ ਵਿਚ ਦਿੱਤੀ। ਇਸ ਦੇ ਇਲਾਵਾ ਅਮਲੀ ਤੌਰ ਤੇ ਦ੍ਰਿੜ੍ਹਾਇਆ ਕਿ ਉਮਾਹ, ਉਤਸ਼ਾਹ, ਆਤਮ-ਰੰਗ, ਖੇੜਾ, ਵਿਗਾਸ, ਆਤਮਕ ਟਿਕਾਉ ਤੇ ਸਹਿਨਸ਼ੀਲਤਾ ਦੇ ਦੈਵੀ ਗੁਣ, ਸਰੀਰਕ ਕਸ਼ਟਾਂ ਦੀ ਪੀੜਾ ਨੂੰ ਨਿਸ਼ਪ੍ਰਭਾਵ ਕਰਨ ਦੇ ਸਮਰੱਥ ਹਨ।

ਜਿਸ ਹਿਰਦੇ ਵਿਚ ਪ੍ਰੀਤਮ ਪਿਆਰੇ ਦੇ ਦਰਸ਼ਨ ਦੀ ਚਾਹ ਹੈ, ਵਸਲ ਦੀ ਉਮੰਗ ਹੈ, ਉਹ ਤੱਤੀ ਲੋਹ ਦੇ ਆਸਣ ਉਤੇ ਤੇ ਤੱਤੀ ਰੇਤਾ ਦੀ ਬਾਰਸ਼ ਝੱਲੇ "ਤਨੁ ਮਨੁ ਕਾਟਿ ਕਾਟਿ ਸਭੁ ਅਰਪੀ, ਵਿਚਿ ਅਗਨੀ ਆਪੁ ਜਲਾਈ ॥" (੭੫੭) ਦਾ ਰਸ-ਭਿੰਨੜਾ ਅਲਾਪ ਅਨੰਦ-ਮਈ ਅਵਸਥਾ ਵਿਚ ਕਰਦਾ ਹੈ। ਜਿਸ ਨੇ ਸਮੁੱਚੀ ਬਾਣੀ ਆਪਣੇ ਮੁਖਾਰ-ਬਿੰਦ ਤੋਂ ਉਚਾਰ ਕੇ ਲਿਖਾਈ ਹੋਵੇ, ਉਸ ਬਾਣੀ ਦਾ ਇਹ ਬਚਨ—

> ਤੂੰ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥
> ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ ॥
> ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥
> ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥
> ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ
> ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥੧॥ (ਵਡਹੰਸ ਕੀ ਵਾਰ.ਮ: ੪, ਪੰ: ੫੯੪)

ਜਿਸ ਦਾ ਅਕੀਦਾ ਹੋਵੇ ਕਿ ਪ੍ਰਭੂ ਬਿਨਾਂ ਕੋਈ ਮਾਰ-ਜੀਵਾਲ ਨਹੀਂ ਸਕਦਾ, ਉਹ ਨਾ ਮੌਤ ਦੇ ਡਰਾਵੇ ਦੀ ਪਰਵਾਹ ਕਰਦਾ ਹੈ ਤੇ ਨਾ ਹੀ ਕਿਸੇ ਨੂੰ ਕਸੂਰਵਾਰ ਠਹਿਰਾਉਂਦਾ ਹੈ।

ਇਹ ਅਸਾਧਾਰਨ ਕਰਨੀ ਪੰਚਮ ਪਾਤਸ਼ਾਹ ਜੈਸੇ ਮਹਾਨ ਸ਼ਹੀਦ ਨੂੰ ਹੀ ਫੱਬਦੀ ਹੈ, ਜਿਸ ਦੀ ਰੂਹਾਨੀਅਤ ਬੁਲੰਦੀ ਦਾ ਅਨੁਮਾਨ ਲਾਉਣਾ ਵੀ ਬਹੁਤ ਕਠਨ ਹੈ।

ਜੇ ਪਿਆਰ ਦੀ ਮੂਰਤਿ, ਖਿਮਾ ਦੇ ਸਾਗਰ, ਸਹਿਨਸ਼ੀਲਤਾ ਦੇ ਸਰੂਪ, ਸੀਤਲਤਾ ਦੇ ਪੁੰਜ ਤੇ ਬਖ਼ਸ਼ਸ਼ ਦੇ ਭੰਡਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤੱਤੀ ਲੋਹ ਤੇ ਨਿਰਲੇਪ ਬੈਠਿਆਂ ਤੇ ਸ਼ੁਕਰ ਮਨਾਉਂਦਿਆਂ ਦੀ ਝਾਕੀ ਸਾਡੇ ਹਿਰਦੇ ਵਿਚ ਵੱਸ ਜਾਏ ਤਾਂ "ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (੩੯੪) ਦਾ ਗੂਹਜ ਭਾਵ ਸਪੱਸ਼ਟ ਰੂਪ ਵਿਚ ਪ੍ਰਗਟ ਹੋ ਜਾਵੇ।

www.AKJ.Org

# ਚੜ੍ਹਦੀ ਕਲਾ

[ਪ੍ਰੋਫ਼ੈਸਰ ਹਰਬੰਸ ਸਿੰਘ ਜੀ]

ਚੜ੍ਹਦੀ ਕਲਾ ਹੈ ਖੇੜਾ, ਪਰਮ ਅਨੰਦ, ਅਡੋਲਤਾ, ਨਿਰਭੈਤਾ, ਆਪਣੀ ਧੁਨ ਦੀ ਨਿੱਗਰਤਾ, ਬੇ-ਫ਼ਿਕਰੀ, ਆਪਣੇ ਨਿਸ਼ਾਨੇ ਵਲ ਅਗਾਂਹ ਵਧਦੇ ਕਦਮ, ਉਤਰਾ ਚੜ੍ਹਾ ਸਮੇਂ ਸਥਿਰਤਾ, ਅਗਾਂਹ ਵਲ ਤਾਂਘ, ਫਤਿਹ ਹੀ ਫਤਿਹ, ਆਪਣੇ ਆਪ ਨੂੰ ਹਾਰਿਆ ਹੋਇਆ ਨਾ ਸਮਝਣਾ, ਕੁਝ ਕਰ ਮਰਨ ਲਈ ਸਾਹਸ (ਹੌਸਲਾ) ਰੱਖਣਾ, ਤੰਗੀ ਤੁਰਸ਼ੀ ਵਿਚ ਘਬਰਾਉਣਾ ਨਾ, ਸਗੋਂ ਬਲਵਾਨ ਤੇ ਬੇ-ਪ੍ਰਵਾਹ ਰਹਿਣਾ।

ਬੇਪ੍ਰਵਾਹ ਤੇ ਨਿਰਭੈ ਕੌਣ ਹੋ ਸਕਦਾ ਹੈ? ਜਿਸ ਦਾ ਸਾਈਂ ਨਿਰਭਉ ਹੋਵੇ, ਜਿਸ ਦੀ ਮਿੱਤਰਤਾ ਬੇਪ੍ਰਵਾਹ ਬੇਅੰਤ ਨਾਲ ਹੋਵੇ, ਜੋ ਡਾਢੇ ਦਾ ਪਿਆਰਾ ਹੋਵੇ—

ਜਿਸਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ (ਪੰਨਾ ੮੪੨)

ਹਾਂ ਜੀ! "ਤਿਸ ਨੂੰ ਮਾਰਿ ਨ ਸਕੈ ਕੋਇ" ਫਿਰ ਤਿਸਨੂੰ ਡਰ ਭੀ ਕਿਸਦਾ ਹੋਇ? ਉਹ ਬੇਖ਼ੌਫ਼ ਤੇ ਬੇਪ੍ਰਵਾਹ ਕਿਉਂ ਨਾ ਹੋਇ? ਜੇ ਬੇਪ੍ਰਵਾਹ ਹੋਇ ਤਾਂ ਉਸਦੀ ਚੜ੍ਹਦੀ ਕਲਾ ਕਿਉਂ ਨਾ ਹੋਇ? ਜੇ ਚੜ੍ਹਦੀ ਕਲਾ ਹੋਇ ਤਾਂ ਫਿਰ ਫਤਿਹ ਕਿਉਂ ਨਾ ਹੋਇ? ਫਤਿਹ ਹੋਇ ਤਾਂ ਕਿਸਦੀ ਹੋਇ? ਖਸਮ ਦੀ, ਪਰਵਦਗਾਰ ਦੀ, ਕਰਤਾ ਪੁਰਖ ਦੀ, ਰਾਜਨ ਕੇ ਰਾਜਾ ਅਕਾਲ ਪਰਖ ਦੀ, ਵਾਹਿਗੁਰੂ ਜੀ ਕੀ ਫਤਿਹ।

ਚੜ੍ਹਦੀ ਕਲਾ ਕਿਸ ਦੀ ਹੋਇ? ਜੋ ਡਲੇ ਨਾ, ਆਪਣ ਖਸਮ ਤੇ ਭਰੋਸਾ ਰੱਖੇ, ਉਸ ਦੇ ਭਾਣੇ ਵਿਚ ਰਹੇ, ਉਸ ਦੇ ਹੁਕਮਾਂ ਅੰਦਰ ਚੱਲੇ, ਹੁਕਮ ਰਜਾਈ ਰਹੇ, ਅਰਥਾਤ, ਰਾਜ਼ਕ ਵਾਹਿਗੁਰੂ ਦੀ ਰਜ਼ਾ ਵਿਚ ਰਹੇ, ਉਸ ਦੇ ਹੁਕਮਾਂ ਦੀ ਤਾਮੀਲ ਕਰਦਾ ਹੋਇਆ ਉਸ ਦੀ ਸਿਫ਼ਤ ਸਲਾਹ, ਅਰਥਾਤ, ਕੀਰਤੀ ਕਰੇ, ਵਾਹੁ ਵਾਹੁ ਦੇ ਖੇੜੇ ਵਿਚ ਰਹੇ, ਐਧਰ ਓਧਰ, ਅੰਦਰ ਬਾਹਰ, ਚਲਦਾ ਫਿਰਦਾ, ਉਠਦਾ ਬੈਠਦਾ "ਵਾਹੁ ਵਾਹੁ" ਦੀ ਰੰਗਣ ਵਿਚ ਰੰਗਿਆ ਰਹੇ। ਵਾਹੁ ਵਾਹੁ ਦੇ ਖੇੜੇ ਵਿਚ ਰਹਿਣ ਵਾਲਾ ਕੌਣ ਹੋ ਸਕਦਾ ਹੈ?

(ੳ) ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
(ਅ) ਸੁਖ ਸਨੇਹ ਅਰੁ ਭੈ ਨਹੀ ਜਾ ਕੈ,
(ੲ) ਕੰਚਨ ਮਾਟੀ ਮਾਨੈ ॥੧॥ਰਹਾਉ॥
(ਸ) ਨਹ ਨਿੰਦਿਆ, ਨਹ ਉਸਤਤਿ ਜਾ ਕੈ,
(ਹ) ਲੋਭ ਮੋਹੁ ਅਭਿਮਾਨਾ ॥
(ਕ) ਹਰਖ ਸੋਗ ਤੇ ਰਹੈ ਨਿਆਰਉ,
(ਖ) ਨਾਹਿ ਮਾਨੁ ਅਪਮਾਨਾ ॥੧॥
(ਗ) ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥
(ਘ) ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ, ਤਿਹ ਘਟਿ ਬ੍ਰਹਮ ਨਿਵਾਸਾ ॥੨॥

(ਸੋਰਠਿ ਮ: ੯, ਪੰਨਾ ੬੩੩)

ਹਾਂ ਜੀ! "ਤਿਹ ਘਟਿ ਬ੍ਰਹਮ ਨਿਵਾਸਾ।"

ਬਿਸਮੁ ਪੇਖੈ, ਬਿਸਮੁ ਸੁਣੀਐ, ਬਿਸਮਾਦੁ ਨਦਰੀ ਆਇਆ ॥ (੭੭੮)

ਬਿਸਮਾਦੁ ਨਦਰੀ ਆਇਆ...ਕਰਤਾ ਘਰਿ ਆਇਆ...ਦੂਤਹ ਦਹਨੁ ਭਇਆ, ਗੋਵਿੰਦੁ ਪ੍ਰਗਟਾਇਆ... ਆਚਰਜੁ ਡੀਠਾ ਅਮਿਉ ਵੂਠਾ...ਗ੍ਰਿਹਿ ਪ੍ਰਗਟੇ ਪ੍ਰਭ ਆਏ ਜੀਏ ਜੀਉ।

ਹਮ ਘਰਿ ਸਾਜਨ ਆਏ...ਅਨਦੋ ਅਨਦ ਘਣਾ...ਬਿਸਮਾਦੁ ਨਦਰੀ ਆਇਆ...ਹਉ ਲੋਟ ਪੋਟ ਹੋਇ ਪਈਆ...ਵਾਹੁ ਵਾਹੁ! ਵਾਹੁ ਵਾਹੁ!...ਵਾਹੁ-ਵਾ, ਵਾਹੁ-ਵਾ, ਵਾਹੁ-ਵਾ!...ਵਾਹੁ ਵਾਹੁ, ਵਾਹੁ ਵਾਹੁ,



www.AKJ.Org

ਵਾਹੁ ਵਾਹੁ...!

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ "ਬਿਸਮਾਦੁ ਨਦਰੀ ਆਇਆ।" ਉਸ ਦੀਪਕ ਤੋਂ ਇਕ ਹੋਰ ਦੀਪਕ ਪ੍ਰਗਾਸਿਆ ਗਿਆ। ਭਾਈ ਲਹਿਣਾ ਜੀ ਦੇ ਘਟ (ਸ੍ਰੀਰ) ਅੰਦਰ ਜੋਤਿ ਜਗ ਉਠੀ, ਗੁਰੂ ਦੇ ਅੰਗ ਲੱਗਣ ਨਾਲ ਚੇਲੇ ਤੋਂ ਗੁਰੂ ਬਣ ਗਏ, ਗੁਰੂ ਅੰਗਦ ਦੇਵ ਬਣ ਗਏ। ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲੱਗਣ ਨਾਲ (ਗੁਰੂ) ਅਮਰ ਦਾਸ ਜੀ ਦੇ ਹਿਰਦੇ ਵਿਚ ਪ੍ਰਕਾਸ਼ ਹੋ ਗਿਆ। ਗੁਰੂ ਅਮਰ ਦਾਸ ਜੀ ਤੋਂ ਰਾਮ ਦਾਸ ਜੀ ਅਤੇ ਅੱਗੋਂ ਅਰਜਨ ਦੇਵ ਜੀ ਦਾ ਹਿਰਦਾ ਲਟ ਲਟ ਕਰ ਉਠਿਆ। ਦਿਬ-ਜੋਤਿ ਦੇ ਦਰਸ਼ਨ ਕਰਦਿਆਂ ਹੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਵਿਚੋਂ ਇਉਂ ਬਚਨ ਨਿਕਲੇ—

ਮੈ ਪੇਖਿਓ ਰੀ, ਊਚਾ ਮੋਹਨੁ ਊਚਾ, ਸਭ ਤੇ ਊਚਾ ॥

ਹਾਂ ਜੀ, "ਬਿਸਮਾਦੁ ਨਦਰੀ ਆਇਆ।"

ਗੁਰੂ ਅਰਜਨ ਦੇਵ ਜੀ ਤੋਂ ਜੋਤਿ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਏ ਸਾਹਿਬ, ਗੁਰੂ ਹਰਿ ਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਤੋਂ ਹੁੰਦੀ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਆ ਕੇ ਪ੍ਰਗਟੀ, ਜਿਹੜੀ ਹੁਣ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ।

ਇਹ ਜੋਤਿ ਤਪਦੇ ਹਿਰਦਿਆਂ ਨੂੰ ਠਾਰਦੀ ਰਹੀ ਹੈ, ਹੁਣ ਵੀ ਠਾਰ ਰਹੀ ਹੈ ਅਤੇ ਅੱਗੋਂ ਨੂੰ ਵੀ ਠਾਰਦੀ ਰਹੇਗੀ, ਅਰਥਾਤ, ਤਿੰਨੇ ਕਾਲਾਂ (ਭੂਤ, ਵਰਤਮਾਨ ਤੇ ਭਵਿੱਖ) ਵਿਚ ਅਖੰਡਾਕਾਰ ਹੈ।

ਇਹ ਜੋਤਿ ਜੀਅ-ਦਾਨ ਦਿੰਦੀ ਹੋਈ ਅਨੰਦ ਪ੍ਰਗਟਾਉਂਦੀ ਅਤੇ ਖੇੜਾ ਵਰਸਾਉਂਦੀ ਰਹੀ ਹੈ, ਨਿਰਭੈ ਬਣਾਉਂਦੀ ਅਤੇ ਚੜ੍ਹਦੀ ਕਲਾ ਵਿਚ ਰੱਖਦੀ ਰਹੀ ਹੈ ਆਪਣੇ ਪਿਆਰਿਆਂ ਨੂੰ, ਗੁਰੂ ਦੁਲਾਰਿਆਂ ਨੂੰ ਜਿਹੜੇ ਗੁਰੂ ਦੇ ਹੋ ਚੁੱਕਦੇ ਹਨ, ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪ ਕਰ ਕੇ ਗੁਰੂ ਦਾ ਪੱਲਾ ਫੜ ਲੈਂਦੇ ਹਨ, ਆਪਣਾ ਸੀਸ ਗੁਰੂ ਨੂੰ ਭੇਟ ਕਰ ਦਿੰਦੇ ਹਨ, ਜਿਹੜੇ "ਮੈਂ ਮੈਂ" ਛੱਡ ਕੇ "ਤੂੰ ਤੂੰ", ਤੂੰਹੀ ਤੂੰ, "ਤੇਰਾ ਤੇਰਾ" ਕਰਨ ਲੱਗ ਜਾਂਦੇ ਹਨ।

ਨਿਰਭਉ ਨੂੰ ਜਪਣ ਵਾਲਿਆਂ ਦੇ ਸਗਲ ਭਉ, ਅਰਥਾਤ, ਸਾਰੇ ਡਰ ਮਿਟ ਗਏ, ਬੇਪ੍ਰਵਾਹ ਹੋ ਗਏ, ਕਿਲਵਿਖ ਨਸ ਗਏ, ਅਟਕਾਅ ਦੂਰ ਹੋ ਗਏ, ਵੈਰੀ ਮਿੱਤਰ ਬਣ ਗਏ, ਜੀਵਨ-ਰੌ ਬੇਰੋਕ ਹੋ ਗਈ, ਚੜ੍ਹਦੀ ਕਲਾ ਵਿਚ ਵਿਚਰਨ ਲੱਗ ਪਏ।

ਪਿਤਾ ਗੁਰੂ ਤੇਗ ਬਹਾਦਰ ਜੀ ਚਾਂਦਨੀ ਚੌਕ, ਦਿੱਲੀ ਵਿਖੇ ਸ਼ਹੀਦ ਹੋ ਗਏ। ਵਾਹੁ ਵਾਹੁ ਦੀ ਰੰਗਣ ਵਿੱਚ ਰੱਤੇ ਬਾਲਕ ਗੋਬਿੰਦ ਰਾਏ ਜੀ ਅਡੋਲ ਰਹੇ। ਜ਼ੁਲਮ ਦਾ ਟਾਕਰਾ ਕਰਨ ਵਾਸਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲੀ ਫ਼ੌਜ ਖੜੀ ਕੀਤੀ, ਖਾਲਸਾ ਪ੍ਰਗਟ ਹੋਇ ਆਇਆ, "ਵਾਹਿਗੁਰੂ ਜੀ ਕਾ ਖਾਲਸਾ।" ਆਪ ਅੰਮ੍ਰਿਤ ਛਕਿਆ, ਹੋਰਨਾਂ ਨੂੰ ਛਕਾਇਆ, ਆਪ ਸਿੰਘ ਸਜ ਕੇ ਗੋਬਿੰਦ ਸਿੰਘ ਕਹਿਲਵਾਏ, ਹੋਰਨਾਂ ਨੂੰ ਸਿੰਘ ਸਜਾਇਆ, ਪਿਛਲੇ ਜਾਤ ਗੋਤ ਖ਼ਤਮ ਕੀਤੇ, ਊਚ ਨੀਚ ਦਾ ਭੇਦ ਮਿਟਾ ਕੇ, ਸਭ ਨੂੰ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਇਕ ਪਾਲ ਵਿਚ ਖੜਾ ਕਰ ਕੇ ਖਾਲਸਾ ਸਜਾਇਆ। ਖਾਲਸਾ ਫ਼ੌਜ ਖੜੀ ਕੀਤੀ, ਘੋੜੇ ਰੱਖੇ, ਬਾਜ ਰੱਖੇ, ਕਲਗੀ ਲਾਈ, ਸ਼ਸਤਰ ਸਜਾਏ, ਰਣਜੀਤ ਨਗਾਰੇ ਦੀਆਂ ਧੁੰਮਾਂ ਪਾਈਆਂ, ਜਰਵਾਣਿਆਂ ਨਾਲ ਲੋਹਾ ਲਿਆ, ਚੜ੍ਹਦੀ ਕਲਾ ਵਾਲੀ ਸ਼ਾਨ ਵਿਖਾਈ। ਲੋਕਾਂ ਦੇ ਪਾਤਸ਼ਾਹ, ਸਿੰਘਾਂ ਦਾ ਸੱਚਾ ਪਾਤਸ਼ਾਹ; ਲੋਕਾਂ ਦੇ ਝੰਡੇ, ਸਿੰਘਾਂ ਦਾ ਨਿਸ਼ਾਨ ਸਾਹਿਬ, ਲੋਕੀਂ ਮੂਰਤੀਆਂ, ਸਿੰਘ ਸਵਾ ਲੱਖ ਖਾਲਸਾ; ਲੋਕੀਂ ਗਰੀਬ ਦਾਸ ਤੇ ਕਮਰ ਦੀਨ, ਗੁਰੂ ਕਾ ਸਿੰਘ ਬਘੇਲ ਸਿੰਘ, ਗੜ੍ਹ ਤੋੜ ਸਿੰਘ। ਇਹ ਸੀ ਚੜ੍ਹਦੀ ਕਲਾ ਦਾ ਪ੍ਰਤੱਖ ਪ੍ਰਗਟਾਵਾ।

ਅਨੰਦਪੁਰ ਸਾਹਿਬ ਦੇ ਕਿਲ੍ਹੇ ਦੁਆਲੇ ਮੁਗਲ ਫ਼ੌਜਾਂ ਨੇ ਘੇਰਾ ਪਾ ਲਿਆ, ਰਾਸ਼ਨ ਮੁੱਕ ਗਿਆ, ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਭਾਈ ਬਚਿੱਤਰ ਸਿੰਘ ਨੂੰ ਮਸਤ ਹਾਥੀ ਨਾਲ ਟੱਕਰ ਲੈਣ ਵਾਸਤੇ ਹੁਕਮ



www.AKJ.Org

ਹੁੰਦਾ ਹੈ। ਭਾਈ ਬਚਿੱਤਰ ਸਿੰਘ ਹੱਥ ਵਿਚ ਨਾਗਣੀ (ਬਰਛਾ) ਲੈ ਕੇ ਇਕੱਲਾ ਹੀ ਹਾਥੀ ਤੇ ਟੁੱਟ ਪੈਂਦਾ ਹੈ, ਹਾਥੀ ਦੇ ਮੱਥੇ ਵਿਚ ਨਾਗਣੀ ਦੇ ਖੁੱਭਣ ਨਾਲ ਖ਼ੂਨ ਦਾ ਸੋਮਾ ਫੁੱਟ ਪੈਂਦਾ ਹੈ ਅਤੇ ਹਾਥੀ ਚਾਂਘਰਾਂ ਮਾਰਦਾ ਪਿੱਛੇ ਨੂੰ ਭੱਜ ਪੈਂਦਾ ਹੈ, ਮੁਗ਼ਲ ਫ਼ੌਜਾਂ ਵਿਚ ਖਲਬਲੀ ਮਚ ਜਾਂਦੀ ਹੈ। ਨਿਰਭਉ ਨੂੰ ਜਪਣ ਵਾਲਾ, ਪਰ ਦੇਖਣ ਨੂੰ ਮਾੜਚੂ ਜਿਹਾ ਬਚਿੱਤਰ ਸਿੰਘ ਦੁਸ਼ਮਣ ਦੀਆਂ ਫ਼ੌਜਾਂ ਨੂੰ ਭਾਜੜਾਂ ਪਾ ਦਿੰਦਾ ਹੈ। ਇਹ ਸੀ "ਸਵਾ ਲਾਖ ਸੇ ਏਕ ਲੜਾਊਂ" ਅਤੇ ਚੜ੍ਹਦੀ ਕਲਾ ਦਾ ਪ੍ਰਤੱਖ ਦ੍ਰਿਸ਼।

ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਤਾਂ ਵਿਛੜ ਜਾਂਦੇ ਹਨ, ਲੱਖਾਂ ਮੁਗ਼ਲ ਫ਼ੌਜਾਂ ਪਿੱਛਾ ਕਰਦੀਆਂ ਵਹੀਰ ਨੂੰ ਆਣ ਘੇਰਦੀਆਂ ਹਨ, ਪਰ ਮੁੱਠੀ ਭਰ ਸਿੰਘਾਂ ਸਮੇਤ ਗੁਰੂ ਗੋਬਿਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਡੇਰਾ ਜਮਾ ਕੇ ਦੁਸ਼ਮਣ ਦਾ ਟਾਕਰਾ ਕਰਨ ਲੱਗ ਪੈਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਹੋਂਦ।

ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਜਾਂਦੇ ਹਨ, ਛੋਟੇ ਸਾਹਿਬਜ਼ਾਦੇ ਸਰਹੰਦ ਦੀਆਂ ਨੀਹਾਂ ਵਿਚ ਜੀਉਂਦੇ ਹੀ ਚਿਣੇ ਜਾਂਦੇ ਹਨ, ਮਾਤਾ ਜੀ ਅਤੇ ਹੋਰ ਬੇਅੰਤ ਸਿੰਘ ਸ਼ਹੀਦੀਆਂ ਪਾ ਜਾਂਦੇ ਹਨ, ਗੁਰੂ ਜੀ ਅਕਾਲ ਪੁਰਖ ਦੇ ਭਾਣੇ ਅੰਦਰ ਅਡੋਲ ਰਹਿੰਦੇ ਹਨ, ਖਾਲਸੇ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਲਈ ਤਿਆਰ ਹੋ ਜਾਂਦੇ ਹਨ ਅਤੇ "ਆਪੇ ਗੁਰ, ਆਪੇ ਚੇਲਾ" ਦਾ ਸਬੂਤ ਪੇਸ਼ ਕਰਦੇ ਹਨ। ਗੜ੍ਹੀ ਵਿਚੋਂ ਨਿਕਲਣ ਸਮੇਂ ਸੂਰਬੀਰਤਾ ਨੂੰ ਪ੍ਰਗਟਾਉਂਦੇ ਹੋਏ ਤਾੜੀ ਮਾਰ ਕੇ ਅਤੇ ਦੁਸ਼ਮਣ ਨੂੰ ਲਲਕਾਰ ਕੇ ਜਾਂਦੇ ਹਨ। ਇਹ ਸੀ ਚੜ੍ਹਦੀ ਕਲਾ ਦੀ ਮੂੰਹ ਬੋਲਦੀ ਤਸਵੀਰ।

ਬੇਅੰਤ ਸਿੰਘ ਸਿੰਘਣੀਆਂ ਸ਼ਹੀਦ ਹੋ ਜਾਂਦੇ ਹਨ। ਗੁਰੂ ਜੀ ਨੰਗੇ ਪੈਰੀਂ, ਪਾਟੇ ਕੱਪੜੀਂ ਮਾਛੀਵਾੜੇ ਦੇ ਜੰਗਲਾਂ ਵਿਚ ਸੁੱਤੇ ਪਏ ਹਨ, ਚੇਹਰੇ ਤੇ ਨੂਰ ਉਸੇ ਤਰ੍ਹਾਂ ਚਮਕ ਰਿਹਾ ਹੈ ਜਿਵੇਂ ਅਨੰਦਪੁਰ ਸਾਹਿਬ ਤਖ਼ਤ ਤੇ ਬੈਠਿਆਂ, ਕੋਈ ਗ਼ਮ ਨਹੀਂ। "ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ" ਦੀ ਪ੍ਰਤੱਖ ਤਸਵੀਰ, ਚੜ੍ਹਦੀ ਕਲਾ ਦਾ ਸਬੂਤ।

ਪਿਤਾ ਸ਼ਹੀਦ ਹੋ ਗਿਆ, ਮਾਤਾ ਸ਼ਹੀਦ ਹੋ ਗਈ, ਬੱਚੇ ਸ਼ਹੀਦ ਹੋ ਗਏ, ਆਪਣੀ ਜਾਨ ਨਾਲੋਂ ਵੀ ਵੱਧ ਪਿਆਰੇ ਦੂਲੇ ਸਿੰਘ ਸ਼ਹੀਦ ਹੋ ਗਏ, ਅਨੰਦਪੁਰ ਸਾਹਿਬ ਛੱਡ ਆਏ, ਡੋਲੇ ਨਹੀਂ, ਪੂਰਨ ਪੁਰਖ ਉਸੇ ਤਰ੍ਹਾਂ ਹੀ ਚੜ੍ਹਦੀ ਕਲਾ ਵਿਚ ਰਹੇ। ਦਿੱਲੀ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਤਿਹ ਦੇ ਖ਼ਤ (ਜ਼ਫ਼ਰਨਾਮਾ) ਵਿਚ ਲਿਖਦੇ ਹਨ ਕਿ ਕੀ ਹੋਇਆ ਜੇ ਮੇਰੇ ਚਾਰ ਪੁੱਤਰ ਸ਼ਹੀਦ ਹੋ ਗਏ ਹਨ ? ਹਾਲੇ ਕੁੰਡਲਾਂ ਵਾਲਾ ਫ਼ਨੀਅਰ ਸੱਪ (ਭਾਵ, ਖ਼ਾਲਸਾ) ਜੀਉਂਦਾ ਹੈ। ਇਹ ਸੀ ਚੜ੍ਹਦੀ ਕਲਾ ਦੀ ਵੰਗਾਰ।

ਵੱਡੇ ਘੱਲੂਘਾਰੇ ਵਿਚ ਇਕੋ ਹੀ ਦਿਨ ਤੀਹ ਹਜ਼ਾਰ ਤੋਂ ਵੱਧ ਸਿੰਘ ਸਿੰਘਣੀਆਂ ਤੇ ਬੱਚੇ ਸ਼ਹੀਦ ਹੋ ਜਾਂਦੇ ਹਨ। ਸੂਰਜ ਡੁੱਬਣ ਤੇ ਆਪੋ ਆਪਣੇ ਸ਼ਹੀਦਾਂ ਦੀ ਪੜਤਾਲ ਕੀਤੀ ਜਾਂਦੀ ਹੈ, ਇਕ ਬਜ਼ੁਰਗ ਟਿੱਬੇ ਤੇ ਚੜ੍ਹ ਕੇ ਉਛਲਦਾ ਹੋਇਆ ਕਹਿੰਦਾ ਹੈ ਕਿ ਦੁੱਖ ਦੀ ਭੱਠੀ ਵਿਚੋਂ ਖਾਲਸਾ ਕੁੰਦਨ ਹੋ ਕੇ ਨਿਕਲੇਗਾ। ਇਹ ਸੀ ਚੜ੍ਹਦੀ ਕਲਾ ਦਾ ਅਟੁੱਟ ਵਿਸ਼ਵਾਸ।

ਮੀਰ ਮੰਨੂੰ ਨੇ ਸਿੱਖਾਂ ਦਾ ਕਤਲੇ-ਆਮ ਸ਼ੁਰੂ ਕਰ ਦਿੱਤਾ, ਪਰ ਅਕਾਲ ਪੁਰਖ ਦੇ ਭਾਣੇ ਵਿਚ ਰਹਿੰਦੇ ਹੋਏ ਸਿੰਘ ਇਉਂ ਗਾਉਂਦੇ ਰਹੇ–

"ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।"

ਇਹ ਸੀ ਚੜ੍ਹਦੀ ਕਲਾ ਦਾ ਪ੍ਰਗਟਾਵਾ।

ਦੋਵੇਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਰਹੇ ਹਨ, ਦੀਵਾਰ ਗੋਡਿਆਂ ਤੀਕ ਆਉਂਦੀ ਹੈ, ਗੋਡਾ ਅੜਨ ਕਾਰਨ ਦੀਵਾਰ ਨੂੰ ਵਿੰਗੀ ਹੋਣ ਤੋਂ ਬਚਾਉਣ ਲਈ ਰਾਜ ਮਿਸਤ੍ਰੀ ਇੱਟ ਨੂੰ ਭੰਨਣ ਲਗਦਾ ਹੈ, ਪਰ ਜ਼ਾਲਮ ਹਾਕਮ ਵਲੋਂ ਇੱਟ ਨੂੰ ਘੜਨ ਦੀ ਥਾਂ ਮਾਸੂਮ ਬੱਚਿਆਂ ਦੇ ਗੋਡਿਆਂ ਦੀਆਂ ਚੱਪਣੀਆਂ ਉਤਾਰ



www.AKJ.Org

ਦੇਣ ਦਾ ਹੁਕਮ ਹੁੰਦਾ ਹੈ। ਸ਼ੇਰ ਬੱਚੇ ਡੋਲਦੇ ਨਹੀਂ, ਘਬਰਾਉਂਦੇ ਨਹੀਂ, ਅਡੋਲ ਰਹਿ ਕੇ ਧਰਮ ਤੇ ਕਾਇਮ ਰਹਿੰਦੇ ਹਨ, ਜ਼ੁਲਮ ਨੂੰ ਖਿੜੇ ਮੱਥੇ ਸਹਾਰਦੇ ਹਨ, ਚੜ੍ਹਦੀ ਕਲਾ ਵਿਚ ਰਹਿੰਦੇ ਹੋਏ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਈ ਜਾਂਦੇ ਹਨ।

ਭਾਈ ਮਤੀ ਦਾਸ ਨੂੰ ਲੱਕੜ ਵਾਂਗ ਆਰੇ ਨਾਲ ਚੀਰਿਆ ਜਾ ਰਿਹਾ ਹੈ, ਭਾਈ ਤਾਰੂ ਸਿੰਘ ਦੀ ਰੰਬੀ ਨਾਲ ਖੋਪਰੀ ਉਤਾਰੀ ਜਾ ਰਹੀ ਹੈ, ਭਾਈ ਮਨੀ ਸਿੰਘ ਦਾ ਬੰਦ ਬੰਦ ਕੱਟਿਆ ਜਾ ਰਿਹਾ ਹੈ, ਸਿੰਘਾਂ ਨੂੰ ਚਰਖੜੀਆਂ ਤੇ ਚਾੜ੍ਹਿਆ ਜਾ ਰਿਹਾ ਹੈ, ਮਾਸੂਮ ਬੱਚਿਆਂ ਦੇ ਟੋਟੇ ਕਰ ਕੇ ਮਾਵਾਂ ਦੀਆਂ ਝੋਲੀਆਂ ਵਿਚ ਪਾਏ ਜਾ ਰਹੇ ਹਨ ਅਤੇ ਬੱਚਿਆਂ ਦੀਆਂ ਆਂਦਰਾਂ ਦੇ ਹਾਰ ਮਾਵਾਂ ਦੇ ਗਲਾਂ ਵਿਚ ਪਾਏ ਜਾ ਰਹੇ ਹਨ, ਸਿੰਘਾਂ ਦੇ ਸਿਰ ਕੱਟ ਕੇ ਨੇਜ਼ਿਆਂ ਤੇ ਟੰਗੇ ਜਾ ਰਹੇ ਹਨ, ਗੁਰੂ ਪਿਆਰੇ ਡੋਲਦੇ ਨਹੀਂ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਹਨ ਅਤੇ ਅੰਤ ਸਮੇਂ ਤਕ ਚੜ੍ਹਦੀ ਕਲਾ ਵਿਚ ਰਹਿੰਦੇ ਹਨ।

ਘਰ ਘਾਟ ਕੋਈ ਨਹੀਂ ਰਿਹਾ, ਬਹੁਤੀ ਵੇਰ ਲੰਗਰ ਮਸਤ ਰਹਿੰਦਾ ਹੈ, ਆਏ ਦਿਨ ਜ਼ਾਲਮਾਂ ਨਾਲ ਲੋਹਾ ਲੈਣਾ ਪੈਂਦਾ ਹੈ। ਹਿੰਦੁਸਤਾਨ ਤੋਂ ਲੁੱਟ ਦਾ ਮਾਲ ਗਜ਼ਨੀ ਨੂੰ ਲਿਜਾਂਦੇ ਹੋਏ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਤੇ ਜਾ ਧਾਵਾ ਬੋਲਦੇ ਹਨ, ਕਾਬਲ ਦੀ ਸਰਹੱਦ ਤੱਕ ਪਹੁੰਚਦੇ ਪਹੁੰਚਦੇ ਸਾਰਾ ਭਾਰ ਹੌਲਾ ਕਰ ਦਿੰਦੇ ਹਨ। ਜਿਸ ਅਬਦਾਲੀ ਦੇ ਅੱਗੇ ਸਾਰਾ ਭਾਰਤ ਮਿਆਉਂ ਮਿਆਉਂ ਕਰਦਾ ਰਿਹਾ, ਗੁਰੂ ਦੇ ਬਹਾਦਰ ਸਿੰਘ ਉਸ ਦਾ ਨੱਕ ਵਿਚ ਦਮ ਕਰਦੇ ਰਹੇ ਅਤੇ ਆਪਣੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਦਿੰਦੇ ਰਹੇ।

ਚੜ੍ਹਦੀ ਕਲਾ ਨੂੰ ਬਰਕਰਾਰ ਰੱਖਣ ਲਈ ਅਤੇ ਨਵੀਂ ਪਨੀਰੀ ਨੂੰ ਚੜ੍ਹਦੀ ਕਲਾ ਲਈ ਉਤਸ਼ਾਹਤ ਕਰਨ ਲਈ ਗੁਰੂ ਕੇ ਸਿੰਘਾਂ ਦੇ ਬੋਲੇ ਭੀ ਚੜ੍ਹਦੀ ਕਲਾ ਵਾਲੇ ਹੀ ਬਣ ਗਏ। ਸਿੰਘਾਂ ਦੇ ਮੁੱਖ ਵਿਚੋਂ ਨਿਕਲਦਾ ਹਰ ਸ਼ਬਦ ਵਿਲੱਖਣ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ। ਉਹ ਨਾਅਰੇ ਨੂੰ ਜੈਕਾਰਾ, ਡੰਡੇ ਨੂੰ ਸਲੋਤਰਾ, ਦੁੱਧ ਨੂੰ ਸਮੁੰਦਰ, ਸਾਗ ਨੂੰ ਸਬਜ਼ ਪਲਾਉ, ਰੋਟੀ ਨੂੰ ਪਰਸ਼ਾਦਾ, ਛੋਲਿਆਂ ਨੂੰ ਬਦਾਮ, ਕੜਾਹ ਨੂੰ ਮਹਾਂ ਪ੍ਰਸ਼ਾਦ, ਪਗੜੀ ਨੂੰ ਦਸਤਾਰ, ਕਿਰਪਾਨ ਨੂੰ ਸ੍ਰੀ ਸਾਹਿਬ, ਟਕੂਏ ਨੂੰ ਸਫ਼ਾ ਜੰਗ, ਮੁੰਡੇ ਨੂੰ ਭੁਝੰਗੀ, ਕੁੜੀ ਨੂੰ ਭੁਝੰਗਣ, ਇਸਤ੍ਰੀ ਨੂੰ ਸਿੰਘਣੀ, ਮਰਦ ਨੂੰ ਸਿੰਘ (ਸ਼ੇਰ), ਅੰਨ੍ਹੇ ਨੂੰ ਸੂਰਮਾ, ਕਾਣੇ ਨੂੰ ਲਖਨੇਤਰਾ, ਲੰਡੇ ਨੂੰ ਸੁਚਾਲਾ, ਲੂੰਜੇ ਨੂੰ ਲਖਬਾਹਾ, ਮਰ ਜਾਣ ਨੂੰ ਚੜ੍ਹਾਈ ਕਰ ਗਿਆ, ਫਾਕੇ ਨੂੰ ਮਸਤ ਲੰਗਰ, ਆਪਣੇ ਆਪ ਨੂੰ ਫ਼ੌਜ ਜਾਂ ਫ਼ੌਜਾਂ ਕਹਿੰਦੇ ਅਤੇ ਹੀਣਤਾ ਭਾਵ (*Inferiority Complex*) ਨੂੰ ਨੇੜੇ ਨਾ ਫਟਕਣ ਦਿੰਦੇ, ਜੰਗਲਾਂ ਪਹਾੜਾਂ ਵਿਚ ਖ਼ਾਨਾ-ਬਦੋਸ਼ਾਂ ਵਾਂਗ ਰਹਿੰਦੇ, ਜੰਗਾਂ ਜੁੱਧਾਂ ਦੀਆਂ ਕਠਨਾਈਆਂ ਸਹਿੰਦੇ, ਭੁੱਖਣ ਭਾਣੇ ਪਾਟੇ ਕੱਪੜੀਂ ਵਿਚਰਦੇ, ਜ਼ੁਲਮ ਦਾ ਟਾਕਰਾ ਕਰਦੇ ਸ਼ੇਰਾਂ ਵਾਂਗ ਭਬਕਾਂ ਮਾਰਦੇ, ਜੈਕਾਰੇ ਗਜਾਉਂਦੇ, ਨਗਾਰੇ ਵਜਾਉਂਦੇ, ਇਕ ਦੂਜੇ ਨੂੰ ਫਤਿਹ ਬੁਲਾਉਂਦੇ, ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਂਦੇ ਰਹੇ। ਆਪਣੇ ਸਿੱਖੀ ਬਾਣੇ ਨੂੰ ਲਾਜ ਨਾ ਲਾਈ, ਦੁਨੀਆ ਦੇ ਝੂਠੇ ਲਾਲਚਾਂ ਵਿਚ ਫਸ ਕੇ ਧਰਮ ਨਹੀਂ ਹਾਰਿਆ, ਸਾਬਤ ਸੂਰਤ ਰਹੇ, ਆਪਣੇ ਤਾਜ (ਦਸਤਾਰ) ਨੂੰ ਦਾਗ ਨਾ ਲੱਗਣ ਦਿੱਤਾ, ਸਿਰਦਾਰੀ ਬਰਕਰਾਰ ਰੱਖੀ।

ਇਹ ਸਾਰਾ ਸਦਕਾ ਸੀ ਨਿਰਭਉ ਅਕਾਲ ਪੁਰਖ ਨੂੰ ਜਪਣ ਦਾ, ਨਾਮ ਸਿਮਰਨ ਦਾ, ਅੰਮ੍ਰਿਤ-ਰਸ ਪੀਣ ਦਾ, ਅੰਮ੍ਰਿਤ-ਮਈ ਬਾਣੀ ਪੜ੍ਹਨ, ਸੁਣਨ, ਗਾਉਣ ਅਤੇ ਗੁਰਬਾਣੀ ਅਨੁਸਾਰ ਜੀਵਨ ਜੀਊਣ ਦਾ, ਹਾਂ ਜੀ! ਇਹ ਸਦਕਾ ਸੀ ਖੰਡੇ ਦੀ ਪਾਹੁਲ ਲੈਣ ਦਾ, ਰਹਿਤ ਬਹਿਤ ਵਿਚ ਪੱਕੇ ਰਹਿਣ ਦਾ। ਕੁਰਹਿਤਾਂ ਤੋਂ ਬਚੇ ਰਹਿਣ ਦਾ, ਸਾਬਤ ਸੂਰਤ ਤੇ ਸਿਰ ਦਸਤਾਰ ਰੱਖਣ ਦਾ, ਆਪਣੇ ਗੁਰੂ ਦੇ ਹੁਕਮਾਂ ਨੂੰ ਸਤਿ ਕਰਕੇ ਮੰਨਣ ਦਾ, ਮਨਮੁਖ ਤੋਂ ਗੁਰਮੁਖਿ ਬਣਨ ਦਾ, ਸਚਿਆਰ ਸਿੱਖ, ਅਰਥਾਤ ਖਾਲਸੇ ਹੋਣ ਦਾ...ਸਿੰਘਾਂ ਦੀ ਚੜ੍ਹਦੀ ਕਲਾ... ਗੁਰੂ ਕੇ ਦੁਲਾਰਿਆਂ ਦੀ ਚੜ੍ਹਦੀ ਕਲਾ...ਜੁਗੋ ਜੁਗ ਚੜ੍ਹਦੀ ਕਲਾ...ਚੜ੍ਹਦੀ ਕਲਾ, ਚੜ੍ਹਦੀ ਕਲਾ, ਚੜ੍ਹਦੀ ਕਲਾ...ਨਾਨਕ ਨਾਮ ਚੜ੍ਹਦੀ ਕਲਾ...।



www.AKJ.Org

# ੧੯੯੯ ਤੱਕ ਖ਼ਾਲਸਾ ਪੰਥ ਦੇ ਟੀਚੇ (੨)

[ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੧੯੯੨)

**ਕੌਮ ਦਾ ਖ਼ਾਲਸਾ ਸਰੂਪ :**

ਕੌਮ ਦਾ ਮੌਲਿਕ, ਨਿਆਰਾ, ਸੰਪੂਰਨ ਤੇ ਸਾਰਥਿਕ ਸਰੂਪ 'ਖਾਲਸਾ' ਹੀ ਹੈ। 'ਖਾਲਸਾ' ਦਾ ਸਾਧਾਰਨ ਭਾਵ ਉਹ ਜਾਇਦਾਦ ਹੈ, ਜਿਹੜੀ ਬਾਦਸ਼ਾਹ ਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ' ਪਦ ਅਧਿਆਤਮਿਕ ਅਰਥਾਂ ਵਿਚ ਵਰਤਿਆ ਹੈ। ਸਿੱਖ ਸੰਦਰਭ ਵਿਚ 'ਖਾਲਸਾ' ਉਹ ਹੈ, ਜਿਹੜਾ ਵਾਹਿਗੁਰੂ ਦਾ ਹੋ ਗਿਆ ਹੈ। ਖ਼ਾਲਸੇ ਦਾ ਸਾਰਾ ਸੰਘਰਸ਼ ਵਾਹਿਗੁਰੂ ਦੀ ਫ਼ਤਿਹ ਵਾਸਤੇ ਹੀ ਹੁੰਦਾ ਹੈ। ਖ਼ਾਲਸੇ ਦੀ ਵਿਅਕਤੀਗਤ ਹੋਂਦ ਨਹੀਂ ਹੁੰਦੀ। ਉਹ ਸਦਾ ਪੰਥ ਨਾਲ ਜੁੜ ਕੇ ਜਾਂ ਪੰਥਕ ਜੱਥੇਬੰਦੀ ਦੀ ਚੜ੍ਹਦੀ ਕਲਾ ਵਾਸਤੇ ਜੀਉਂਦਾ ਹੈ। ਤਨ, ਮਨ ਤੇ ਧਨ ਉਹ ਗੁਰੂ ਦਾ ਸਮਝਦਾ ਹੈ। ਕੋਈ ਮੋਹ, ਕੋਈ ਪਕੜ, ਕੋਈ ਦੁਬਿੱਧਾ, ਕੋਈ ਦਵੈਤ ਉਸ ਦੀ ਜੀਵਨ-ਕ੍ਰਿਆ ਦਾ ਅੰਗ ਨਹੀਂ ਹੁੰਦਾ। ਤਿਆਗ, ਪਿਆਰ, ਸੇਵਾ, ਉਪਕਾਰ, ਭਲਾ ਤੇ ਕੁਰਬਾਨੀ ਹੀ ਉਸ ਦਾ ਨਿਖਾਲਸ ਧਨ ਹੁੰਦਾ ਹੈ। ਖਾਲਸਾ ਕੂੜ-ਧਨ ਦਾ ਵਪਾਰੀ ਨਹੀਂ ਹੁੰਦਾ, ਉਹ ਸਦਾ ਸੱਚ-ਧਨ ਦਾ ਵਾਪਾਰੀ ਰਹਿੰਦਾ ਹੈ। ਜੀਵਨ ਦਾ ਲਾਹਾ ਲੈਣਾ ਉਸ ਦਾ ਉਦੇਸ਼ ਹੁੰਦਾ ਹੈ। ਇਹੀ ਕਾਰਨ ਹੈ ਕਿ ਖਾਲਸਾ ਸਦਾ ਨਿਡੱਰ, ਸਦਾ ਅਡੋਲ, ਸਦਾ ਨਿਰਵੈਰ ਤੇ ਸਦਾ ਗੁਰਪ੍ਰਸਾਦ ਵਿਚ ਰਹਿ ਕੇ ਵਿਚਰਦਾ ਹੈ। ਭੈਅ ਦੇਣ ਨੂੰ ਉਹ ਜ਼ੁਲਮ ਸਮਝਦਾ ਹੈ ਅਤੇ ਭੈਅ ਸਹਿਣ ਨੂੰ ਉਹ ਕਾਇਰਤਾ ਨਾਲ ਤੁਲਣਾ ਦਿੰਦਾ ਹੈ। ਖ਼ਾਲਸੇ ਦੀ ਵਡਿਆਈ ਇਸ ਗੱਲ ਵਿਚ ਹੈ ਕਿ ਉਹ ਸਦਾ ਸਹਜ ਵਿਚ ਜੀਵੇ। ਸਹਜ ਵਾਲਾ ਭਰਮ-ਗੜ੍ਹ ਤੋੜ ਕੇ ਅੰਦਰੋਂ ਬਾਹਰੋਂ ਅਨੰਦ ਨਾਲ ਇਕਸੁਰ ਹੋ ਜਾਂਦਾ ਹੈ। ਅਨੰਦਪੁਰ ਵਿਚ ਵੱਸਣ ਵਾਲੇ ਸਦਾ ਜਾਗਦੇ ਯੋਧੇ ਹਨ। ਉਹ ਸੱਚੇ ਰੱਬ ਤੋਂ ਬਿਨਾਂ ਕਿਸੇ ਹਾਕਮ ਜਾਂ ਹਕੂਮਤ ਦੀ ਪਰਵਾਹ ਨਹੀਂ ਕਰਦੇ। ਖਾਲਸਾ ਕਦੀ ਹਾਕਮ ਜਾਂ ਹਕੂਮਤ ਦਾ ਸ਼ਰਨਾਰਥੀ ਤੇ ਸਿਫ਼ਾਰਸ਼ੀ ਹੁੰਦਾ ਹੀ ਨਹੀਂ। ਉਹ ਆਪਣੇ ਨਿਜ ਤੇ ਧਰਮ-ਬੱਲ ਨਾਲ ਪਾਤਿਸ਼ਾਹੀ ਅਧਿਕਾਰ ਪ੍ਰਾਪਤ ਕਰਦਾ ਹੈ। ਉਹ ਕਿਸੇ ਖ਼ੈਰ ਜਾਂ ਨਵਾਬੀ ਨੂੰ ਸਵੀਕਾਰ ਨਹੀਂ ਕਰਦਾ। ੧੯੯੯ ਤੱਕ ਜੇ ਕੌਮ ਨੇ ਪਾਤਿਸ਼ਾਹੀ ਅਧਿਕਾਰ ਪ੍ਰਾਪਤ ਕਰਨੇ ਹਨ, ਤਾਂ ਹਰ ਸਿੱਖ ਨੂੰ, ਹਰ ਸੰਗਤ ਨੂੰ, ਹਰ ਸਭਾ ਨੂੰ, ਹਰ ਜੱਥੇ ਨੂੰ, 'ਖਾਲਸਾ' ਬਣਨਾ ਚਾਹੀਦਾ ਹੈ। ਖਾਲਸਾ ਬਣਨ ਲਈ ਅਗਲੇ ਸਾਲਾਂ ਵਿਚ ਇਹ ਯਤਨ ਆਰੰਭਣੇ ਚਾਹੀਦੇ ਹਨ :

(ੳ) 'ਅੰਮ੍ਰਿਤ' ਛੱਕਣ ਤੋਂ ਬਿਨਾਂ ਕੋਈ ਸਿੱਖ, ਕੋਈ ਸਿੱਖ ਸੰਗਤ, ਕੋਈ ਸਿੰਘ ਸਭਾ, ਕੋਈ ਸਿੱਖ ਜੱਥਾ, 'ਖਾਲਸਾ' ਨਹੀਂ ਅਖਵਾ ਸਕਦਾ। 'ਖਾਲਸਾ' ਬਣਨ ਲਈ, ਅੰਮ੍ਰਿਤ ਛੱਕਣਾ ਇਕ ਲਾਜ਼ਮੀ ਸ਼ਰਤ ਹੈ। ਇਸ ਅੰਮ੍ਰਿਤ' ਨਾਲ ਸਿੱਖ ਨੇ ਖਾਲਸਾ ਬਣਨਾ ਹੈ। ਇਹ ਅੰਮ੍ਰਿਤ ਕੋਈ ਚਰਨ-ਪਾਹੁਲ ਨਹੀਂ, ਦੇਵਤਿਆਂ ਵਾਲਾ ਰਸ ਨਹੀਂ, ਕਿਸੇ ਚੁਬੱਚੇ ਦਾ ਜਲ ਨਹੀਂ, ਕਿਸੇ ਇਕੱਲੇ ਮਹਾਂਪੁਰਸ਼ ਵਲੋਂ ਦਿੱਤਾ ਜਲ-ਮੰਤਰ ਨਹੀਂ। ਅੰਮ੍ਰਿਤ ਛੱਕਣ ਦੀ ਪ੍ਰਕ੍ਰਿਆ ਜਾਂ ਮਰਯਾਦਾ ਉਹੀ ਹੋਵੇਗੀ, ਜਿਸ ਦਾ ਯਥਾਰਥਕ ਸਰੂਪ, ੧੬੯੯ ਦੀ ਵੈਸਾਖੀ ਨੂੰ, ਅਨੰਦਪੁਰ ਸਾਹਿਬ ਦੀ ਧਰਤੀ ਤੋਂ, ਗੁਰੂ ਗੋਬਿੰਦ ਸਿੰਘ ਜੀ ਨੇ ਮੂਰਤੀਮਾਨ ਕੀਤਾ ਸੀ। ਇਸ ਪ੍ਰਕ੍ਰਿਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਜ਼ਰੂਰੀ ਹੈ। 'ਅੰਮ੍ਰਿਤ' ਗੁਰ-ਹਸਤੀ ਤੇ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿਚ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਪਾਠ ਕਰ ਕੇ ਹੀ ਤਿਆਰ ਕੀਤਾ ਜਾਂਦਾ ਹੈ। ਸੱਚੇ ਅਰਥਾਂ ਵਿਚ ਬਾਣੀ-ਪਾਠ ਨੇ ਹੀ ਜਲ ਤੇ ਪਤਾਸਿਆਂ ਨੂੰ ਇਕਸੁਰ ਕਰ ਕੇ 'ਅੰਮ੍ਰਿਤ' ਤਿਆਰ ਕਰਨਾ ਹੈ। ਜਲ ਤੇ ਪਤਾਸੇ ਲੋਹੇ ਦੇ ਇਕ ਬਾਟੇ ਵਿਚ ਰਖੇ ਜਾਂਦੇ ਹਨ। ਇਸ ਬਾਟੇ ਵਿਚ ਨਿਰੰਤਰ ਬਾਣੀ-ਪਾਠ ਦੇ ਨਾਲ ਨਾਲ 'ਖੰਡਾ' ਘੋਲਿਆ ਜਾਂਦਾ ਹੈ, ਤਾਂ ਜੁ ਸੰਪੂਰਨ ਰੂਪ ਵਿਚ ਤਿਆਰ



www.AKJ.Org

ਹੋਏ ਅੰਮ੍ਰਿਤ ਵਿਚੋਂ ਖੰਡਿਤ ਬਿਰਤੀ ਦਾ ਅੰਤ ਹੋ ਜਾਵੇ ਅਤੇ ਖੜਕਾ—ਜ਼ੋਰ ਸਹਜ ਸੁਭਾ ਆ ਜਾਵੇ। ਅੰਮ੍ਰਿਤ ਛੱਕਣ ਨਾਲ ਸਪੱਸ਼ਟ ਪਰਿਵਰਤਨ ਤੇ ਪ੍ਰਤੀਕਰਮ ਇਹ ਹੁੰਦਾ ਹੈ ਕਿ ਸਿੱਖ 'ਖ਼ਾਲਸਾ' ਬਣ ਕੇ ਖੰਡਿਤ-ਸੰਸਾਰ ਤੋਂ ਨਿਰਲੇਪ ਹੋ ਜਾਂਦਾ ਹੈ ਅਤੇ ਅਖੰਡ-ਵਾਹਿਗੁਰੂ ਦੀ ਸਿਫ਼ਤ-ਸਲਾਹ ਵਿਚ ਇਕਸੁਰ ਹੋ ਜਾਂਦਾ ਹੈ। 'ਪ੍ਰਿਥਮੇ ਖੰਡਾ' ਵਾਹਿਗੁਰੂ ਦਾ ਹੀ ਪ੍ਰਤੀਕ ਹੈ। ਬਾਣੀ ਤੇ ਜੱਲ ਖਾਲਸੇ ਨੂੰ ਪਵਿੱਤਰਤਾ ਪ੍ਰਦਾਨ ਕਰਦੇ ਹਨ, ਪਤਾਸੇ ਮਿੱਠਤ ਤੇ ਖੰਡਾ ਖੜਗ ਜ਼ੋਰ। ਅੰਮ੍ਰਿਤ ਛੱਕਣ ਨਾਲ ਸਿੱਖ 'ਖ਼ਾਲਸਾ' ਵੀ ਹੋ ਜਾਂਦਾ ਹੈ, ਪਵਿੱਤਰਤਾ, ਮਿਠਾਸ ਤੇ ਖੜਗ-ਜ਼ੋਰ ਦਾ ਧਨੀ ਵੀ ਹੋ ਜਾਂਦਾ ਹੈ। ਗੁਰੂ ਸਾਹਿਬਾਨ ਤੇ ਖ਼ਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂ-ਵਾਹਿਗੁਰੂ ਦਾ ਇਹੋ ਸਰੂਪ ਸਵੀਕਾਰ ਕੀਤਾ ਹੈ। ਜਿਨ੍ਹਾਂ ਪੰਜਾਂ ਪਿਆਰਿਆਂ* ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਪਹਿਲੀ ਵਾਰੀ 'ਖ਼ਾਲਸਾ' ਸਿਰਜਿਆ, ਉਹਨਾਂ ਦਾ ਸਰੂਪ ਵੀ ਵਾਹਿਗੁਰੂ ਵਾਲਾ ਹੀ ਸੀ। ਇਹੀ ਕਾਰਨ ਹੈ ਕਿ 'ਖ਼ਾਲਸਾ' ਨੂੰ ਵਾਹਿਗੁਰੂ ਦਾ ਤੇ 'ਵਾਹਿਗੁਰੂ' ਨੂੰ ਖ਼ਾਲਸੇ ਦਾ ਬਣਾ ਕੇ, 'ਅੰਮ੍ਰਿਤ' ਦੀ ਪ੍ਰਕ੍ਰਿਆ ਵਿਚੋਂ ਇਕ ਐਸਾ ਮੌਲਿਕ, ਨਿਆਰਾ ਤੇ ਸੰਪੂਰਨ ਪ੍ਰਭਾਵ ਉਜਾਗਰ ਕੀਤਾ ਹੈ ਕਿ ਜਿਹੜੀ ਕੌਮ 'ਖ਼ਾਲਸਾ' ਬਣ ਜਾਵੇਗੀ, ਲੋਕ ਤੇ ਪਰਲੋਕ ਵਿਚ 'ਫ਼ਤਿਹ' ਤੇ 'ਜੈਕਾਰ' ਉਸ ਦੀ ਨਿਸਚਿਤ ਹੋਵੇਗੀ। ਜੇ ਕੌਮ ਨੇ 'ਫ਼ਤਿਹ' ਤੇ ਜੈਕਾਰ ਵਾਲਾ ਜੀਵਨ ਜੀਊਣਾ ਹੈ, ਤਾਂ ਸਪੱਸ਼ਟ ਹੈ ਕਿ ਉਹ ਅੰਮ੍ਰਿਤ ਛੱਕ ਕੇ ਪਹਿਲਾਂ 'ਖ਼ਾਲਸਾ' ਬਣੇ।

(ਅ) ਕੌਮ ਦੀ ਖੁਸ਼ਕਿਸਮਤੀ ਹੈ ਕਿ ਜਿਸ ਖੰਡੇ, ਬਾਟੇ ਤੇ ਬਾਣੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰੀ ਅੰਮ੍ਰਿਤ ਤਿਆਰ ਕੀਤਾ ਸੀ, ਉਹ ਇਤਿਹਾਸਕ ਵਸਤਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਧਿਕਾਰ ਵਿਚ ਹਨ। ਸ੍ਰੋਮਣੀ ਕਮੇਟੀ ਦਾ ਇਹ ਪ੍ਰਥਮ ਕਾਰਜ ਹੋਣਾ ਚਾਹੀਦਾ ਹੈ ਕਿ ਪੰਜਾਂ ਤਖ਼ਤਾਂ ਦੇ ਜੱਥੇਦਾਰਾਂ ਦੀ ਅਗਵਾਈ ਵਿਚ, ਮਰਯਾਦਾ-ਬੱਧ ਢੰਗ ਨਾਲ, ਅੰਮ੍ਰਿਤ ਛੱਕਾਣ ਵਾਲੇ, ਕੁਝ ਗਿਣਤੀ ਦੇ ਸਮੁੱਚੇ ਪੰਥ ਵਿਚੋਂ, ਪੰਜ ਪੰਜ ਪਿਆਰਿਆਂ ਨਾਲ ਸ਼ਿੰਗਾਰੇ, ਅਜਿਹੇ 'ਜਥੇ' ਤਿਆਰ ਕੀਤੇ ਜਾਣ, ਜਿਨ੍ਹਾਂ ਦਾ ਜੀਵਨ-ਭਰ ਇਹੀ ਕਰਤੱਵ ਹੋਵੇ ਕਿ ਉਹ ਪਿੰਡ ਪਿੰਡ, ਸ਼ਹਿਰ ਸ਼ਹਿਰ, ਸਿੰਘ ਸਭਾਵਾਂ ਦੇ ਸਹਿਯੋਗ ਨਾਲ 'ਅੰਮ੍ਰਿਤ-ਸੰਚਾਰ-ਸਮਾਗਮ' ਕਰਨ ਤੇ ਹਰ ਸਿੱਖ, ਹਰ ਸੰਗਤ, ਹਰ ਸਭਾ, ਹਰ ਜੱਥੇ ਨੂੰ ਅੰਮ੍ਰਿਤ ਛਕਾ ਕੇ 'ਖ਼ਾਲਸਾ' ਸਜਾਣ। ਖ਼ਾਲਸਾ ਸੱਜਣ ਨਾਲ ਨਿਸਚੇ ਹੀ ਕੌਮ ਵਿਚ ਏਕਤਾ ਤੇ ਸਾਰਥਿੱਕਤਾ ਆਵੇਗੀ।

(ੲ) ਗੁਰੂ-ਪਾਤਿਸ਼ਾਹਾਂ ਦੀ ਪਵਿੱਤਰ ਛੁਹ ਨਾਲ ਸ਼ਿੰਗਾਰੇ ਸਮੁੱਚੇ ਭਾਰਤ ਨੂੰ ਭਾਵੇਂ ਪੰਜਾਂ ਤਖ਼ਤਾਂ ਜਾਂ ਬਾਈ ਮੰਜੀਆਂ ਜਾਂ ਕੇਂਦਰਾਂ ਅਨੁਸਾਰ ਵੰਡ ਕੇ, ੧੯੯੯ ਤੱਕ ਦੇ ਖ਼ਾਲਸਾ ਪੰਥ ਦੇ ਸਾਰੇ ਟੀਚਿਆਂ ਨੂੰ ਸੰਪੂਰਨ ਕੀਤਾ ਜਾਵੇ। ਇਸ ਕਾਰਜ ਦੀ ਸਫਲਤਾ ਲਈ ਸਿੰਘ ਸਭਾਵਾਂ, ਸਕੂਲਾਂ, ਕਾਲਜਾਂ, ਮਿਸ਼ਨਰੀ ਜੱਥਿਆਂ ਦਾ ਸਹਿਯੋਗ ਵੀ ਲਿਆ ਜਾਵੇ ਤੇ ਸਾਰਿਆਂ ਵਿਚ ਕੌਮੀ-ਇਕਸੁਰਤਾ ਤੇ ਖਾਲਸਈ-ਸਾਂਝ ਦਾ ਜਜ਼ਬਾ ਵੀ ਜਗਾਇਆ ਜਾਵੇ।

(ਸ) ਕੌਮ ਦੇ ਗ੍ਰੰਥੀ ਸਾਹਿਬਾਨ, ਸਿਖਿਆ-ਸ਼ਾਸਤਰੀ, ਲਿਖਾਰੀ, ਵਿਦਵਾਨ ਤੇ ਆਗੂ, ਇਹ ਦ੍ਰਿੜ੍ਹ ਸੰਕਲਪ ਕਰਨ ਕਿ ੧੯੯੯ ਤੱਕ ਜੋ ਬੋਲਣਾ, ਉਸ ਵਿਚ ਅੰਮ੍ਰਿਤ ਛੱਕਣ ਨੂੰ ਪ੍ਰਥਮਤਾ ਦੇਣੀ ਹੈ, ਜੋ ਲਿਖਣ ਜਾਂ ਸਾਹਿਤ ਸਿਰਜਨਾ, ਉਸ ਵਿਚ 'ਗੁਰੂ' ਬਾਣੀ, ਨਾਮ, ਸ਼ਬਦ, ਨਦਰਿ, ਅੰਮ੍ਰਿਤ, ਖ਼ਾਲਸਾ ਤੇ ਸਰਦਾਰਾ ਸਰੂਪ ਵਿਸ਼ਿਆਂ ਬਾਰੇ ਜ਼ਰੂਰ ਕੁਝ ਨਾ ਕੁਝ ਉਜਾਗਰ ਕਰਨਾ ਹੈ। ਗ੍ਰੰਥੀਆਂ, ਅਧਿਆਪਕਾਂ, ਲਿਖਾਰੀਆਂ-ਵਿਦਵਾਨਾਂ ਤੇ ਆਗੂਆਂ ਰਾਹੀਂ ਇਹ ਸਿਰਜਿਆ ਖਾਲਸਈ ਵਾਤਾਵਰਣ ਕੌਮ ਨੂੰ ਖਾਲਸਾ ਸਜਾਣਾਂ ਵਿਚ ਬੜਾ ਸਹਾਇਕ ਹੋਵੇਗਾ। ੧੯੯੯ ਤੱਕ ਕੌਮ ਨੂੰ ਇਕ ਵਿਸ਼ਵ ਵਿਆਪੀ 'ਖ਼ਾਲਸਾ-ਜਾਗ੍ਰਿਤੀ-ਲਹਿਰ'

---

* ਪੰਜਾਂ ਪਿਆਰਿਆਂ ਦੀ ਸੇਵਾ ਕਰਨ ਵਾਲੇ, ਨਾਮ-ਅਭਿਆਸੀ ਗੁਰਸਿਖ ਪੂਰਨ ਜੋਤਿ ਜਗੰਨੇ, ਤਿਆਰ-ਬਰ-ਤਿਆਰ ਅੰਮ੍ਰਿਤ-ਧਾਰੀ, ਰਹਿਤ-ਰਹਿਣੀ ਦੇ ਪੂਰੇ ਸੂਰੇ ਹੋਣੇ ਜ਼ਰੂਰੀ ਹਨ। —ਸੰਪਾਦਕ



www.AKJ.Org

ਪ੍ਰਚੰਡ ਕਰਨੀ ਚਾਹੀਦੀ ਹੈ ।

(ਹ) ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ 'ਧਰਮ ਪ੍ਰਚਾਰ ਕਮੇਟੀ' ਨੇ ਖ਼ਾਲਸੇ ਦੀ ਤੀਜੀ ਰੱਚਨ-ਸ਼ਤਾਬਦੀ ਦੀ ਸਿਮਰਤੀ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਮੀਨਾਰ-ਏ-ਖਾਲਸਾ' ਉਸਾਰਨ ਦਾ ਪ੍ਰਸੰਸਾ ਯੋਗ ਫ਼ੈਸਲਾ ਲਿਆ ਹੈ, ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂ.ਪੀ. ਸਿੱਖ ਪ੍ਰਤਿਨਿੱਧ ਬੋਰਡ, ਪਟਨਾ ਸਾਹਿਬ ਪ੍ਰਬੰਧਕ ਕਮੇਟੀ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਨੂੰ ਵੀ ਖਾਲਸਈ ਦ੍ਰਿਸ਼ਟੀ ਤੋਂ ਕੁਝ ਉਸਾਰੂ ਨਿਰਣੇ ਲੈਣੇ ਚਾਹੀਦੇ ਹਨ । ਉਸਾਰੂ ਨਿਰਣਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਰਥ-ਟਕਸਾਲਾਂ, ਗੁਰਮਤਿ ਕਾਲਜ, ਕੀਰਤਨ-ਪ੍ਰਧਾਨ ਸੰਗੀਤ ਸਕੂਲ, ਇਤਿਹਾਸਕ ਲਾਇਬਰੇਰੀਆਂ, ਸਿੱਖ ਅਫ਼ਸਰ ਟਰੇਨਿੰਗ ਸੈਂਟਰ, ਕੌਮੀ ਵਿਰਸੇ ਨਾਲ ਸ਼ਿੰਗਾਰੇ ਅਜਾਇਬ ਘਰ, ਸਿੱਖ ਯੂਨੀਵਰਸਿਟੀ, ਖ਼ਾਲਸਾ ਇੰਜੀਨੀਅਰ ਅਤੇ ਮੈਡੀਕਲ ਕਾਲਜ ਸਥਾਪਿਤ ਕੀਤੇ ਜਾ ਸਕਦੇ ਹਨ । ਜੇ ਸਿੱਖ ਸੰਸਥਾਵਾਂ ਸਿੱਖੀ-ਪ੍ਰਚਾਰ ਤੇ ਖ਼ਾਲਸਾ-ਵਿਰਸਨ ਦਾ ਸਰੋਤ ਤੇ ਸਤੰਭ ਬਣ ਜਾਣ, ਤਾਂ ਨਿਸਚੇ ਹੀ ੧੯੯੯ ਦਾ ਸਾਲ ਆਪਾ ਸੋਧਣ, ਖਾਲਸਾ ਪ੍ਰਬੋਧਣ ਤੇ ਕੌਮ ਨੂੰ ਸ਼ਕਤੀ ਪ੍ਰਦਾਨ ਕਰਨ ਵਿਚ ਸਹਾਇਕ ਹੀ ਨਹੀਂ ਹੋਵੇਗਾ, ਸਗੋਂ 'ਖਾਲਸਾ-ਪੰਥ' ਆਪਣੇ ਗਵਾਚੇ ਹੋਏ ਸਵੈਮਾਣ ਨੂੰ ਪੁਨਰ ਰੂਪ ਵਿਚ ਸਥਾਪਿਤ ਵੀ ਕਰ ਲਵੇਗਾ ਤੇ ਆਪਣੇ ਜੀਵਨ-ਪ੍ਰਯੋਜਨ ਨੂੰ ਸਾਰਥਿਕ ਰੂਪ ਵਿਚ ਸਾਕਾਰ ਵੀ ਕਰ ਲਵੇਗਾ ।

੧੯੯੯ ਤੱਕ ਖਾਲਸਾ ਪੰਥ ਨੂੰ ਆਪਸੀ ਦਵੈਤ, ਸਮਾਜਕ ਗਿਰਾਵਟ ਤੇ ਰਾਜਸੀ ਗ਼ੁਲਾਮੀ ਤੋਂ ਆਜ਼ਾਦ ਹੋਣਾ ਹੀ ਚਾਹੀਦਾ ਹੈ । ਆਜ਼ਾਦ ਰਹਿਣਾ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਧਾਨ ਵਿਚ ਰਹਿਣਾ ਇਹ ਖਾਲਸਾ ਪੰਥ ਦਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤਾ ਜਨਮ-ਸਿੱਧ-ਅਧਿਕਾਰ ਹੈ ।

ਸੋਧੋ ਜੀ—ਸਫ਼ਾ ੧੮ ਉਪਰਲੀ ਸਤਰ 'ਖੜਕਾ—ਜੋਰ' ਦੀ ਥਾਂ 'ਖੜਗ—ਜੋਰ' ਪੜ੍ਹੋ ਜੀ ।)

---

## ਰੁਬਾਈਆਂ

[ਸ: ਤੇਗ ਬਹਾਦਰ ਸਿੰਘ ਤੇਗ]

ਸ਼ਹੀਦ ਹੋਣ ਵਾਲੇ ਕਦੇ ਮਰਦੇ ਨਹੀਂ ਹੁੰਦੇ ।
ਮੌਤ ਕੋਲੋਂ ਸ਼ਹੀਦ ਕਦੇ ਡਰਦੇ ਨਹੀਂ ਹੁੰਦੇ ।
ਜਿਹੜੇ ਸੰਤ ਸਿਪਾਹੀ ਹੁੰਦੇ ਨੇ 'ਤੇਗ';
ਉਹ ਗੁਰੂ ਘਰ ਦੀ ਤੌਹੀਨ ਜਰਦੇ ਨਹੀਂ ਹੁੰਦੇ ।

ਜ਼ਾਲਮ ਅੱਗੇ ਸਿੰਘ ਕਦੇ ਕੋਈ ਝੁਕਿਆ ਨਹੀਂ ।
ਇਹ ਸੰਤ ਸਿਪਾਹੀ ਨਿਸ਼ਾਨੇ ਤੋਂ ਉਕਿਆ ਨਹੀਂ ।
ਨਾਮ ਦੀ ਖ਼ੁਮਾਰੀ ਵਿਚ ਰਹਿੰਦਾ ਹੈ ਗੜੂੰਦ;
ਐਰ ਗ਼ੈਰ ਵੱਲ ਇਹਨੇ ਕਦੇ ਤੱਕਿਆ ਨਹੀਂ ।

ਜਦ ਕੋਈ ਸਿੰਘ 'ਤੇਗ' ਹੱਥ ਵਿਚ ਫੜਦਾ ਹੈ ।
ਉਹ ਦੁਸ਼ਟ ਤੇ ਦੋਖੀ ਨੂੰ ਚੰਗੋਂ ਘੜਦਾ ਹੈ ।
ਜਿਸ 'ਤੇ ਗੁਰੂ ਬਖ਼ਸ਼ਿਸ਼ ਕਰਦਾ ਹੈ 'ਤੇਗ'
ਉਹ ਕਈ ਵਾਰੀ ਬਿਨਾਂ ਸੀਸ ਤੋਂ ਜੰਗ ਲੜਦਾ ਹੈ ।

ਸੱਚ ਦੀ ਗੱਲ ਕੌਣ ਕਰਦੈ ਅੱਜ ਕਲ੍ਹ ।
ਸੱਚ ਖ਼ਾਤਿਰ ਕੌਣ ਮਰਦੈ ਅੱਜ ਕੱਲ੍ਹ ।
ਝੂਠ ਦਾ ਵਿਉਪਾਰ ਚੱਲਦੈ ਹਰ ਤਰਫ਼;
ਸੱਚ ਦਾ ਦੰਮ ਕੌਣ ਭਰਦੈ ਅੱਜ ਕੱਲ੍ਹ ।

ਮੈਂ ਸ਼ਾਇਰ ਹਾਂ, ਬੁਜ਼ਦਿਲ ਨਹੀਂ, ਕਿ ਚੁੱਪ ਕਰਕੇ ਬਹਿ ਜਾਵਾਂ ।
ਗੁਰੂਆਂ ਦੀ ਸਾਜੀ ਕੌਮ ਦੀ, ਤੌਹੀਨ ਕਿੱਦਾਂ ਸਹਿ ਜਾਵਾਂ ।
ਸੁਣ ਲੌ ਦੁਨੀਆ ਵਾਲਿਓ, 'ਤੇਗ' ਆਖਦੈ ਲਲਕਾਰ ਕੇ ;
ਮਿਟਣੀ ਨਾ ਹਸਤੀ ਕੌਮ ਦੀ, ਤਾਕੀਦ ਕਰਕੇ ਕਹਿ ਜਾਵਾਂ ।

---

**ਸੂਚਨਾ**—ਪਿਛਲੇਰੇ 'ਸੂਰਾ' ਮਾਸਕ ਪੱਤਰ ਵਿਚ ਨਿਜੀ ਵੇਰਵੇ ਸੰਬੰਧੀ ਪ੍ਰੋਫ਼ਾਰਮੇ ਬਾਰੇ ਛਾਪਿਆ ਗਿਆ ਸੀ, ਉਹ ਪ੍ਰੋਫ਼ਾਰਮਾ ਛਪ ਗਿਆ ਹੈ ਅਤੇ ਸੂਰਾ ਮਾਸਕ ਪੱਤਰ ਦੇ ਦਫ਼ਤਰ ਤੋਂ ਦਸਮੇਸ਼ ਮਾਰਕੀਟ, ਅਜੀਤ ਨਗਰ ਅੰਮ੍ਰਿਤਸਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ।



www.AKJ.Org

# ਪੰਥ ਕੀ ਜੀਤ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਐਮ. ਏ. ਮੈਕਾਲਿਫ਼ ਨੇ ਇਕ ਵੇਰਾਂ ਇਕ ਬਿਰਧ ਬਾਬੇ ਨੂੰ ਪੁਛਿਆ, "ਪੰਥ ਕਿਸ ਨੂੰ ਕਹਿੰਦੇ ਹਨ ?" ਬਜ਼ੁਰਗ ਨੇ ਉੱਤਰ ਦਿਤਾ, "ਪੰਥ ਦਾ ਸਹੀ ਮਤਲਬ ਸਮਝਾਇਆ ਨਹੀਂ ਜਾ ਸਕਦਾ। ਇਹ ਸਾਡਾ ਮਾਰਗ ਹੈ, ਸਾਡੀ ਕੌਮੀਅਤ ਹੈ, ਸਾਡਾ ਗੁਰੂ ਹੈ, ਸਾਡਾ ਇਸ਼ਟਦੇਵ ਹੈ, ਸਾਡੀ ਜਿੰਦ ਜਾਨ ਹੈ।" ਅੱਖਰੀ ਅਰਥ ਤਾਂ ਪੰਥ ਦਾ ਮਾਰਗ ਅਥਵਾ ਰਸਤਾ ਹੀ ਹੈ।[੧] ਸੰਕੇਤਕ ਅਰਥ ਹੈ 'ਪਰਮਾਤਮਾ ਦੀ ਪ੍ਰਾਪਤੀ ਦਾ ਰਾਹ'।[੨] ਸਿਖ ਇਸਤਲਾਹ ਵਿਚ ਜਥੇਬੰਦ ਹੋਏ ਅਕਾਲੀ ਧਰਮ ਨੂੰ ਵੀ ਪੰਥ ਕਿਹਾ ਜਾਂਦਾ ਹੈ। ਇਸ ਨਾਤੇ ਅਰਦਾਸ ਵਿਚਲਾ ਵਾਕੰਸ਼ 'ਪੰਥ ਕੀ ਜੀਤ' ਧਰਮ ਦੀ ਜਿੱਤ ਦਾ ਲਖਾਇਕ ਵੀ ਹੈ ਤੇ ਖ਼ਾਲਸਾ ਜੱਥੇਬੰਦੀ ਦੀ ਜਿੱਤ ਦਾ ਵੀ। ਇਸ ਵਾਕੰਸ਼ ਵਿਚ ਜਿੱਤ ਦੀ ਯਾਚਨਾ ਵੀ ਹੈ, ਵਿਸ਼ਵਾਸ ਵੀ।

"ਫ਼ਤਹ ਦਾ ਵਿਸ਼ਵਾਸ ਫ਼ਤਹ ਲਈ ਲਾਜ਼ਮੀ ਸ਼ਰਤ ਹੈ"।[੩] ਇਸੇ ਲਈ ਪੰਥ ਦੀ ਜਿੱਤ ਦਾ ਵਿਸ਼ਵਾਸ ਅਰਦਾਸ ਦੇ ਰਚੈਤਿਆਂ ਨੇ ਇਸ ਪੰਕਤੀ ਵਿਚ ਬੰਨ੍ਹ ਦਿੱਤਾ ਹੈ। ਹਰ ਸਿਖ ਆਪਣੇ ਅੰਦਰ ਇਹ ਵਿਸ਼ਵਾਸ ਲਈ ਫਿਰਦਾ ਹੈ ਕਿ ਜਦ ਖ਼ਾਲਸਾ ਅਕਾਲ ਪੁਰਖ ਦੀ ਆਪਣੀ ਫ਼ੌਜ ਹੈ, ਤਾਂ ਇਸ ਦੀ ਫ਼ਤਹ ਯਕੀਨੀ ਹੈ, ਕਿਉਂਕਿ ਉਹ ਦਰ-ਅਸਲ ਵਾਹਿਗੁਰੂ ਜੀ ਕੀ ਫ਼ਤਹ ਹੈ। ਇਸ ਨਾਤੇ ਪੰਥ ਕੀ ਜੀਤ ਵਿਚ, ਇੱਕੋ ਵੇਲੇ, ਆਤਮ-ਵਿਸ਼ਵਾਸ ਵੀ ਝਲਕਦਾ ਹੈ, ਪਰਮਾਤਮਾ-ਵਿਸ਼ਵਾਸ ਵੀ। ਇਉਂ ਆਪਣੀ ਜਿੱਤ, ਪੰਥ ਦੀ ਜਿੱਤ ਤੇ ਵਾਹਿਗੁਰੂ ਜੀ ਕੀ ਫ਼ਤਹ ਇਕੋ ਵਿਸ਼ਵਾਸ ਦੇ ਤਿੰਨ ਰੂਪ ਹਨ।

"ਮਨੁੱਖ ਤਾਂ ਜੂਝ ਹੀ ਸਕਦਾ ਹੈ, ਫ਼ਤਹ ਤਾਂ ਰੱਬ ਦੇ ਹੱਥ ਹੈ।" ਇਸ ਲਈ ਜਿੱਤ ਦੀ ਯਾਚਨਾ ਵਾਹਿਗੁਰੂ ਜੀ ਪਾਸੋਂ ਹੀ ਹੋ ਸਕਦੀ ਹੈ। ਤੇ ਵਾਹਿਗੁਰੂ ਜੀ ਪਾਸੋਂ ਨੈਤਿਕ ਜਿੱਤ ਹੀ ਮੰਗੀ ਜਾ ਸਕਦੀ ਹੈ, ਅਨੈਤਿਕ ਜਿੱਤ ਨਹੀਂ। 'ਜਿੱਤ ਵਿਚ ਸੂਰਮਾ ਸ਼ਿਕਾਰ ਨਹੀਂ ਭਾਲਦਾ, ਸ਼ਾਨ ਭਾਲਦਾ ਹੈ। ਸ਼ਾਨ ਤਦੇ ਪ੍ਰਾਪਤ ਹੁੰਦੀ ਹੈ ਜੇਕਰ ਜਿੱਤ ਨੈਤਿਕ ਹੋਵੇ, ਜੇ ਸੰਗ੍ਰਾਮ ਪਰੋਪਕਾਰ ਲਈ ਕੀਤਾ ਗਿਆ ਹੋਵੇ, ਪੂਰੀ ਨਿਰਭੈਤਾ ਨਾਲ ਰਚਿਆ ਗਿਆ ਹੋਵੇ, ਉਸ ਵਿਚ ਸੁਤੰਤਰ ਇਰਾਦੇ ਨਾਲ ਜੂਝਿਆ ਗਿਆ ਹੋਵੇ (ਕਿਸੇ ਦਬਾਉ ਜਾਂ ਲਾਲਚ ਹੇਠ ਨਹੀਂ), ਵਾਹਿਗੁਰੂ ਜੀ ਨੂੰ ਨਾਲ ਲਿਆ ਗਿਆ ਹੋਵੇ,[੪] ਤੇ ਸ਼ਹਾਦਤ ਪ੍ਰਾਪਤ ਕਰਨ ਦੇ ਚਾਉ ਨਾਲ ਜੂਝਿਆ ਗਿਆ ਹੋਵੇ।

ਸ਼ਹਾਦਤ ਕਦੇ ਸ਼ਿਕੱਸਤ ਨਹੀਂ ਹੋਂਦੀ। ਉਹ ਤਾਂ ਉੱਚਤਮ ਫ਼ਤਹ ਹੋਂਦੀ ਹੈ ਆਦਰਸ਼ਾਂ ਦੀ। ਜੋ ਆਦਰਸ਼ਾਂ ਨਾਲ ਜੁੜੇ ਹੋਂਦੇ ਹਨ, ਉਹਨਾਂ ਲਈ ਆਦਰਸ਼ਾਂ ਖ਼ਾਤਰ ਸਰੀਰ ਦਾ ਠੀਕਰਾ ਫੋੜ ਦੇਣਾ ਔਖਾ ਨਹੀਂ ਹੁੰਦਾ। ਉਹ ਤਾਂ ਸ਼ਹੀਦ ਹੋਣ ਵਿਚ ਸਰੀਰ ਦਾ ਲੇਖੇ ਲਗ ਜਾਣਾ ਪਰਵਾਨ ਕਰਦੇ ਹਨ। ਸ਼ਹੀਦੀ ਇਸ ਲਈ ਵੀ ਵਿਜਈ ਹੁੰਦੀ ਹੈ ਕਿਉਂਕਿ ਇਹ ਜ਼ੁਲਮ ਦੀਆਂ ਜੜ੍ਹਾਂ ਖੋਖਲੀਆਂ ਕਰਦੀ ਹੈ। ਪੰਥਕ ਚੇਤਨਾ ਵੀ ਸ਼ਹਾਦਤ ਦੇ ਅਮਲ ਦੇ ਦੌਰਾਨ ਹੀ ਸਭ ਤੋਂ ਵਧ ਰੌਸ਼ਨ ਹੁੰਦੀ ਹੈ। ਇਹ ਜਿਤਨੀ ਤੇਗ਼ਾਂ ਦੀ ਛਾਂ ਵਿਚ ਪਨਪਦੀ ਹੈ, ਉਤਨੀ ਹੀ ਅਹਿੰਸਾ ਦੀ ਸਹਿਨਸ਼ੀਲਤਾ ਵਿਚ ਵੀ।[੫] ਇਸ ਦੀ ਪ੍ਰੇਰਨਾ ਸਦਾ ਗੁਰਬਾਣੀ ਦੇ

---

੧. ਯਥਾ । ਪੰਥ ਸੁਹੇਲੈ ਜਾਵਹੁ...। —ਵਡਹੰਸੁ ਮ: ੧ (੫੭੯/੧੭)

੨. ਯਥਾ : ਗੁਰਮੁਖ ਪੰਥ ਨਿਰੋਲ ਨ ਰਲੈ ਰਲਾਈਐ। —ਭਾ: ਗੁਰਦਾਸ ਜੀ, ਵਾਰ ੧,੩
ਅਤੇ : ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ। —ਵਾਰ ੧,੧੫

੩. ਨਿਸਚੈ ਕਰ ਅਪਨੀ ਜੀਤ ਕਰੋਂ। —ਉਕਤਿ ੨੩੧

੪. ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੈ ਹਰਿ ਚਿਤ ਮੈਂ ਜੁਧ ਬੀਚਾਰੇ। —ਕ੍ਰਿਸ਼ਨਾਵਤਾਰ : ੨੪੯੨,੧

੫. ਗੁਰਦੁਆਰਾ ਸੁਧਾਰ ਦੇ ਸ਼ਾਂਤਮਈ ਮੋਰਚਿਆਂ ਵਿਚ ਵੀ ਸਿਘਾਂ ਨੇ ਉਸੇ ਚਾਉ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਸ ਚਾਉ ਨਾਲ ਧਰਮ-ਜੁੱਧਾਂ ਵਿਚ।



www.AKJ.Org

ਸਾਹਸ ਜਗਾਉਂਦੇ ਬੋਲ ਹੀ ਰਹੇ ਹਨ, ਜਿਵੇਂ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ। —ਮਾਰੂ ਕਬੀਰ ਜੀ (੧੧੦੫/੫)

ਇਸ ਦਾ ਜਲਾਲ ਸਦਾ ਗੁਰੂ-ਲਿਵ ਤੋਂ ਮੌਲਿਆ ਹੈ। ਇਸ ਦਾ ਸਾਹਸ ਸਦਾ ਆਤਮ-ਇਕਾਗਰਤਾ 'ਚੋਂ ਜਨਮਿਆ ਹੈ। ਜਿੱਤ ਉਸੇ ਦੀ ਹੁੰਦੀ ਹੈ ਜੋ ਸ਼ਹਾਦਤ ਕਬੂਲ ਕਰ ਲਵੇ, ਪਰ ਧਰਮ ਨ ਹਾਰੇ; ਨੈਤਿਕ ਕੀਮਤਾਂ ਨੂੰ ਗਿਰਨ ਨ ਦੇਵੇ ਤੇ ਧਰਮ-ਸੰਗ੍ਰਾਮ ਤੋਂ ਮੂੰਹ ਨ ਮੋੜੇ।

'ਪੰਥ ਕੀ ਜੀਤ' ਉਸ ਮਾਰਗ ਦੀ ਜਿੱਤ ਹੈ ਜਿਸ ਨੂੰ ਖ਼ਾਲਸੇ ਨੇ ਧਾਰਨ ਕੀਤਾ। ਇਹ ਮਾਰਗ ਹੈ ੧ੳ ਵਾਲੇ ਇਕੀਸ਼ਰਵਾਦ ਦਾ। ਇਹ ਮਾਰਗ ਹੈ ਮਾਨਵਵਾਦ ਦਾ–ਜ਼ਾਤ ਪਾਤ, ਰੰਗ ਨਸਲ ਆਦਿ ਦੇ ਭਿੰਨ-ਭੇਦ ਦੀ ਨਿਖੇਧੀ ਦਾ। ਇਹ ਮਾਰਗ ਹੈ ਸਾਬਤ ਮਰਦਾਨਗੀ ਦਾ,੬ ਤੇ ਜਿੱਤ ਮਰਦਾਨਗੀ ਦਾ ਹੱਕ ਹੁੰਦਾ ਹੈ, ਮੁਰਦਿਆਂ ਦਾ ਨਹੀਂ।

ਜਿੱਤ ਤਾਂ ਇਕ ਮਾਨਸਿਕ ਦਸ਼ਾ ਹੈ। ਜਿਸ ਦਾ ਮਨ ਨਹੀਂ ਹਾਰਦਾ ਉਹ ਸਦਾ ਜੇਤੂ ਰਹਿੰਦਾ ਹੈ। ਮਨ-ਜੇਤੂ ਹੀ ਜਗ-ਜੇਤੂ ਹੈ। ਜੋ ਆਪਣੇ ਆਪ ਨੂੰ 'ਗੋਸਾਈ ਦਾ ਪਹਿਲਵਾਨ' ਜਾਣ ਲੈਂਦਾ ਹੈ ਉਸੇ ਦੀ ਪਿੱਠ ਉਪਰ 'ਗੁਰੂ ਦੀ ਥਾਪੀ' ਹੁੰਦੀ ਹੈ। ਉਹੀ ਤਾਂ ਦੂਤਾਂ ਨੂੰ ਪਛਾੜ, 'ਉੱਚ-ਦੁਮਾਲੇ' ਦਾ ਅਧਿਕਾਰੀ ਬਣਦਾ ਹੈ।੭ ਐਸੇ ਜੁਝਾਰੂ ਹੀ ਪੰਥ ਕੀ ਜੀਤ ਦਾ ਵਸੀਲਾ ਬਣਦੇ ਹਨ।

ਇਕ ਵੇਰਾਂ ਸਿਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੁੱਛਿਆ, "ਪੰਥ ਦੀ ਜਿੱਤ, ਪੰਥ ਦਾ ਵਾਧਾ, ਪੰਥ ਦੀ ਚੜ੍ਹਦੀ ਕਲਾ ਕਿਵੇਂ ਹੋਵੇ?" ਗੁਰੂ ਜੀ ਨੇ ਉੱਤਰ ਦਿੱਤਾ, "ਪੰਥ ਹੈ ਗੁਰੂ ਕਾ। ਪੰਥ ਦਾ ਵਾਧਾ ਵੀ ਗੁਰੂ ਨੇ ਕਰਨਾ ਹੈ। ਪਰ, ਰੌਲੇ ਗੌਲੇ ਦੇ ਸਿੱਖਾਂ ਤੋਂ ਭੀ ਡਰਨਾ।" ਇਹ ਰੌਲੇ ਗੌਲੇ ਦੇ ਸਿਖ ਕੌਣ ਹਨ? ਇਹ ਉਹ ਨਾਮ-ਧਰੀਕ ਸਿਖ ਹਨ ਜੋ ਕੇਵਲ ਆਪਣਾ ਸੁਆਰਥ ਵੇਖਦੇ ਹਨ, ਸਿੱਖੀ ਦਾ ਭਲਾ ਨਹੀਂ ਚਿਤਾਰਦੇ। ਉਹ ਆਪਣੇ ਨਿੱਕੇ ਨਿੱਕੇ ਫ਼ਾਇਦਿਆਂ ਲਈ ਪੰਥਕ ਹਿਤਾਂ ਦੇ ਵਿਰੁੱਧ ਵਰਤੇ ਜਾਣ ਲਈ ਤਿਆਰ ਹੋ ਜਾਂਦੇ ਹਨ। ਉਪਰੋਂ ਉਹ ਸਿਖ ਦਿਸਦੇ ਹਨ, ਪਰ ਅੰਦਰੋਂ ਬੇਦਾਵਾ ਲਿਖੀ ਬੈਠੇ ਹੁੰਦੇ ਹਨ।

ਅਸਾਂ ਸਭਨਾਂ ਲਈ ਲਾਜ਼ਮ ਹੈ ਕਿ ਆਪਣੇ ਅੰਦਰ ਝਾਤ ਮਾਰੀਏ ਤੇ ਵੇਖੀਏ, ਕਿਧਰੇ ਅਸੀਂ ਆਪ ਵੀ ਤਾਂ 'ਰੌਲੇ ਗੌਲੇ ਦੇ ਸਿਖ' ਤਾਂ ਨਹੀਂ, ਜੋ ਪੰਥ ਕੀ ਜੀਤ ਵਿਚ ਬਾਧਾ ਬਣੀ ਬੈਠੇ ਹਾਂ? ਕਿਤੇ ਅਸੀਂ ਹੀ ਤਾਂ ਮਨੋਂ ਬੇਦਾਵੀਏ ਨਹੀਂ ਹੋਈ ਬੈਠੇ? ਜੇਕਰ ਹਾਂ, ਤਾਂ ਭਾਵੇਂ ਜਾਨ ਲਾ ਕੇ ਵੀ ਟੁੱਟੀ ਗੰਢਾਉਣੀ ਪਵੇ ਤਾਂ ਗੰਢਵਾ ਕੇ ਗੁਰੂ ਦੇ ਹੋ ਜਾਈਏ।

'ਪੰਥ ਕੀ ਜੀਤ' ਦੀ ਅਰਦਾਸ, ਇਕ ਤਰ੍ਹਾਂ ਨਾਲ ਪੰਥਕ ਏਕਤਾ ਲਈ ਅਰਦਾਸ ਹੈ। ਐਸੀ ਅਰਦਾਸ ਕਰਨ ਵਾਲਿਆਂ ਲਈ ਸ੍ਵਾਰਥੀ ਹਿੱਤਾਂ ਨੂੰ ਪੰਥਕ ਏਕਤਾ ਖ਼ਾਤਰ ਕੁਰਬਾਨ ਕਰ ਦੇਣਾ ਹੀ ਬਣਦਾ ਹੈ। ਪੰਥਕ ਏਕਤਾ ਦੀ ਪ੍ਰਤੱਗਿਆ ਵਿਚ ਹੀ ਪੰਥ ਕੀ ਜੀਤ ਹੈ।

---

੬. ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ। —ਭਾ: ਗੁਰਦਾਸ ਸਿੰਘ, ਵਾਰ ੪੧/੧੬

੭. ਹਉ ਗੋਸਾਈ ਦਾ ਪਹਿਲਵਾਨੜਾ। ਮੈ ਗੁਰ ਮਿਲਿ ਉਚ ਦੁਮਾਲੜਾ।
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।
ਵਾਤ ਵਜਨਿ ਟੰਮਕ ਭੇਰੀਆ। ਮਲ ਲਥੇ ਲੈਦੇ ਫੇਰੀਆ।
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ। —ਸਿਰੀਰਾਗੁ ਮ: ੫ (੭੪/੮)



www.AKJ.Org

ਦੰਡੀ ਸੁਆਮੀ ਜੀ ਦੀ ਜ਼ਬਾਨੀ :–

# ਸਰਬੋਤਮ ਧਰਮ : ਖਾਲਸਾ ਪੰਥ

[ਸ: ਮਦਨ ਸਿੰਘ ਜੀ, ਬਰਮਿੰਘਮ ਯੂ.ਕੇ.]

"ਜੀਵਨ ਭਰ ਸਾਧੂ ਸੰਤੋਂ ਕੀ ਸੰਗਤ ਕੀ, ਤਪ ਸਾਧੇ, ਤੀਰਥੋਂ ਪਰ ਭ੍ਰਮਣ ਕੀਆ, ਅੰਤ ਯੇਹੀ ਨਿਸਚੇ ਪਰ ਪਹੁੰਚਾ ਹੂੰ ਕਿ ਜੋ ਕੁਛ ਗੁਰੂ ਘਰ ਮੇਂ ਹੈ, ਉਸ ਸੇ ਉਤਮ ਔਰ ਕੋਈ ਨਹੀਂ ਹੈ।"

[ਸ੍ਰੀ ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ

ਸੁਆਮੀ ਜੀ ਨੇ ਆਪਣੀ ਜ਼ਿੰਦਗੀ ਦੇ ਕਈ ਦਹਾਕਿਆਂ ਵਿਚ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਦਾ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ। ਵੇਦਾਂ ਤੇ ਸਿੰਮ੍ਰਤੀਆਂ ਸ਼ਾਸਤਰਾਂ ਆਦਿ ਦੇ ਗਿਆਨ ਰਖਣ ਵਾਲੇ ਵਿਦਵਾਨਾਂ ਦੀ ਸੰਗਤ ਕੀਤੀ। ਇਸੇ ਤਰ੍ਹਾਂ ਸਾਰੀ ਉਮਰ ਹਿੰਦੂ ਤੀਰਥਾਂ ਤੇ ਮੰਦਰਾਂ ਦੀ ਯਾਤਰਾ ਦਾ ਅਨੰਦ ਵੀ ਮਾਣਦੇ ਰਹੇ। ਸੁਆਮੀ ਜੀ ਦੇ ਸਿਖ ਧਰਮ ਬਾਰੇ ਅਤੇ ਧਰਮ ਗ੍ਰੰਥ ਬਾਰੇ ਲਿਖੇ ਦੋ ਟ੍ਰੈਕਟ ਮਿਲਦੇ ਹਨ। ਦੋਨਾਂ ਵਿਚ ਹੀ ਸੰਖੇਪ ਰੂਪ ਵਿਚ ਸਿਖ ਧਰਮ ਤੇ ਹਿੰਦੂ ਧਰਮ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਸਮਝੋ, ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਇਕ ਟ੍ਰੈਕਟ "ਸ੍ਰੀ ਗੁਰੂ ਗ੍ਰੰਥ ਜੀ" ਬਾਰੇ ਹੈ ਤੇ ਦੂਸਰਾ 'ਖਾਲਸਾ ਪੰਥ" ਬਾਰੇ। ਪਰਲੋਕ ਸਿਧਾਰਨ ਤੋਂ ਕੁਝ ਸਾਲ ਪਹਿਲਾਂ ਸੁਆਮੀ ਜੀ ਨੇ ਸਿੱਖ ਧਰਮ ਨੂੰ ਅਪਣਾਅ ਲਿਆ ਸੀ। ਉਨ੍ਹਾਂ ਨੇ ਆਪਣੀ ਪੁਸਤਕ ਵਿਚ ਹਿੰਦੂ ਧਰਮ ਤਿਆਗਣ ਅਤੇ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਦੇ ਕਾਰਨ, ਸੰਖੇਪ ਰੂਪ ਵਿਚ ਦਿੱਤੇ ਹਨ।

ਸੰਸਕ੍ਰਿਤ ਦੇ ਅਚਾਰੀਆ, ਵੇਦਾਂ ਦੇ ਗਿਆਤਾ, ਉਪਨਿਸ਼ਦਾਂ ਦੇ ਵਿਖਿਆਤਾ ਸੁਆਮੀ ਜੀ ਨੇ ਵੇਦਾਂਤ ਦਰਸ਼ਨ ਬਾਰੇ ਉੱਚੇ ਤੇ ਡੂੰਘੇ ਗਿਆਨ ਦੇ ਵਿਸ਼ਿਆਂ ਉਤੇ ਡੇਢ ਦਰਜਨ ਹਿੰਦੀ ਵਿਚ ਤੇ ਇਤਨੀਆਂ ਹੀ ਸੰਸਕ੍ਰਿਤੀ ਵਿਚ ਪੁਸਤਕਾਂ ਲਿਖੀਆਂ ਹਨ। ਆਪ ਜੀ ਦੀ ਲਿਖਤ ਸੰਸਕ੍ਰਿਤ ਤੇ ਹਿੰਦੀ ਪੁਸਤਕਾਂ ਦੀ, ਹਿੰਦੂ ਵਿਦਵਾਨ ਮੰਡਲ ਵਲੋਂ ਭਰਪੂਰ ਸ਼ਲਾਘਾ ਕੀਤੀ ਜਾ ਚੁੱਕੀ ਹੈ।

ਆਖ਼ਰੀ ਉਮਰ ਵਿਚ ਸੁਆਮੀ ਜੀ ਦੇ ਜੀਵਨ ਵਿਚ ਆਤਮਿਕ ਤੌਰ ਤੇ ਐਸਾ ਪਲਟਾ ਆਇਆ ਕਿ ਉਹ ਗੁਰੂ ਕੇ ਸਿੱਖ ਬਣ ਗਏ। ਗੁਰੂ-ਗਿਆਨ ਦੇ ਪ੍ਰਭਾਵ ਕਾਰਨ ਉਨ੍ਹਾਂ ਰੁੰਡਿਤ ਮੁੰਡਿਤ ਰਹਿਣ ਵਾਲਾ ਵੇਸ ਛਡ ਕੇ ਕੇਸਾਂ ਦਾੜ੍ਹੇ ਵਾਲਾ ਸੁੰਦਰ ਸਿਖੀ ਸਰੂਪ ਧਾਰਨ ਕਰ ਲਿਆ ਅਤੇ ਉਹ ਆਚਾਰ ਤੇ ਵਿਚਾਰ ਕਰਕੇ ਗੁਰਬਾਣੀ ਨਾਲ ਓਤ ਪੋਤ ਹੀ ਹੋ ਗਏ।

**ਸਿਖ ਹਿੰਦੂ ਨਹੀਂ**:–ਸ੍ਰੀ ਸੁਆਮੀ ਜੀ ਨੇ ਵੇਦਾਂ, ਹੋਰ ਹਿੰਦੂ ਧਰਮ-ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰ ਕੇ ਸਿਧ ਕੀਤਾ ਹੈ ਕਿ ਸਿਖ ਧਰਮ ਇਕ ਸੁਤੰਤਰ ਅਤੇ ਸਭ ਤੋਂ ਵਿਲੱਖਣ ਧਰਮ ਹੈ। ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਣਾ ਜਾਂ ਹਿੰਦੂਆਂ ਵਿਚੋਂ ਆਏ ਹੋਣ ਕਰਕੇ ਹਿੰਦੂ ਧਰਮ ਦਾ ਇਕ ਹਿੱਸਾ ਸਮਝਣਾ ਵੱਡੀ ਮੂਰਖਤਾਈ ਹੈ। ਸਵਾਮੀ ਜੀ ਦੀ ਲਿਖਤ ਮੁਤਾਬਿਕ ਹਿੰਦੂ ਧਰਮ ਸਵੈ-ਵਿਰੋਧੀ ਖ਼ਿਆਲਾਂ ਦਾ ਮਿਲਗੋਭਾ ਧਰਮ ਹੈ। ਇਸ ਦੇ ਉਲਟ ਸਿਖ ਧਰਮ "ਲੋਕ ਸੁਖੀਏ ਤੇ ਪਰਲੋਕ ਸੁਹੇਲੇ" ਕਰਨ ਵਾਲਾ ਸਿੱਧਾ ਤੇ ਸੁਖੈਨ ਮਾਰਗ ਹੈ। ਮਨੂੰ ਸਿਮ੍ਰਤੀ ਅਤੇ ਹਿੰਦੂ ਸ਼ਾਸਤਰਾਂ ਅਨੁਸਾਰ ਬ੍ਰਾਹਮਣ ਬ੍ਰਹਮਾ ਦੇ ਸਿਰ ਤੋਂ ਪੈਦਾ ਹੋਇਆ ਦਸ ਕੇ ਉਸ ਨੂੰ ਸਮੁਚੇ ਸਮਾਜ ਦਾ ਕਰਤਾ ਧਰਤਾ ਮੰਨਿਆ ਗਿਆ ਹੈ। ਇਹਨਾਂ ਮੁਤਾਬਿਕ ਬ੍ਰਾਹਮਣ ਪੂਜਣ ਯੋਗ ਹੈ, ਭਾਵੇਂ ਉਹ ਮੂਰਖ ਜਾਂ ਕੁਕਰਮੀ ਹੀ ਕਿਉਂ ਨਾ ਹੋਵੇ। ਭਗਤ ਕਬੀਰ ਜੀ ਫ਼ੁਰਮਾਉਂਦੇ ਹਨ–

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥
ਤਉ ਆਨ ਬਾਟ ਕਾਹੇ ਨਹੀ ਆਇਆ ॥੨॥੭॥ (ਪੰਨਾ ੩੨੪)

ਗੁਰੂ ਨਾਨਕ ਪਾਤਸ਼ਾਹ ਇਕ ਵਿਅਕਤੀ ਦਾ ਬ੍ਰਾਹਮਣ ਦੇ ਘਰ ਪੈਦਾ ਹੋਣ, ਵਿਦਵਾਨ ਹੋਣ ਅਤੇ ਪੂਜਣ ਯੋਗ ਹੋਣ ਦੇ ਸਿਧਾਂਤ ਦਾ ਖੰਡਨ ਕਰਦੇ ਹਨ। ਫ਼ੁਰਮਾਇਆ ਹੈ–



www.AKJ.Org

ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥੪॥੨੧॥ (ਪੰਨਾ ੩੫੫)

ਭਾਵ, ਵੇਦਾਂ ਦਾ ਵਕਤਾ ਬ੍ਰਾਹਮਣ ਅੰਦਰੋਂ ਖੋਖਲਾ ਹੈ, ਕਿਉਂਕਿ ਉਹ ਸੱਚ ਤੋਂ ਕੋਹਾਂ ਦੂਰ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥੭॥ (ਪੰਨਾ ੬੬੨)

ਅਸਲੀ ਪੰਡਿਤ ਦੀ ਵਿਸ਼ੇਸ਼ਤਾ ਦਸਦੇ ਹੋਏ ਪੰਚਮ ਪਾਤਸ਼ਾਹ ਫ਼ੁਰਮਾਉਂਦੇ ਹਨ—

ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥੯॥(ਪੰ: ੨੭੪)

**ਜਨੇਊ**:—ਸੁਵਾਮੀ ਰਾਮ ਤੀਰਥ ਜੀ ਦੇ ਮੁਤਾਬਿਕ ਹਿੰਦੂਆਂ ਦਾ ਸਾਰਾ ਕਰਮ ਧਰਮ ਹੀ ਜਨੇਊ ਉਤੇ ਆਧਾਰਿਤ ਹੈ। ਪ੍ਰੰਤੂ ਸਿੱਖਾਂ ਦਾ ਧਰਮ ਜਨੇਊ ਦੇ ਉਲਟ ਹੈ। ਆਪ ਲਿਖਦੇ ਹਨ—

"ਸੰਧਿਆ ਕਰਨੀ, ਗਾਇਤ੍ਰੀ ਦਾ ਜਾਪ ਕਰਨਾ ਅਤੇ ਅਗਨਿਹੋਤਰ ਆਦਿ ਕਰਮ ਕਰਨ ਦੀ ਜਨੇਊ-ਧਾਰੀ ਬੰਦੇ ਨੂੰ ਹੀ ਆਗਿਆ ਹੈ। ਸ਼ੂਦਰ ਅਤੇ ਇਸਤ੍ਰੀ ਜਾਤੀ ਲਈ ਜਨੇਊ ਪਾਉਣ ਦੀ ਵਿਧੀ ਹੀ ਨਹੀਂ, ਸਗੋਂ ਮਨਾਹੀ ਹੈ। ਸ਼ੂਦਰ ਨੂੰ ਤਿੰਨਾਂ ਵਰਨਾਂ ਦੀ ਸੇਵਾ ਕਰਨੀ ਹੀ ਦਸੀ ਹੋਈ ਹੈ ਅਤੇ ਇਸਤ੍ਰੀ, ਜੀਵਤ ਪਤੀ ਦੀ ਸੇਵਾ ਕਰਨਾ ਅਤੇ ਮਰੇ ਹੋਏ ਪਤੀ ਦੀ ਜਨਾਨੀ (ਵਿਧਵਾ) ਨੂੰ ਕੰਦ ਮੂਲ ਖਾ ਕੇ ਸਰੀਰ ਨੂੰ ਤੋੜ ਕਰਦੇ ਹੋਏ 'ਪਤੀ' 'ਪਤੀ' ਦੀ ਰੱਟ ਲਗਾਉਂਦੇ ਰਹਿਣਾ ਹੀ ਧਰਮ ਕਰਾਰ ਦਿੱਤਾ ਗਿਆ ਹੈ।"

ਇਸ ਤਰ੍ਹਾਂ ਦੇ ਦੁਰ-ਵਿਵਹਾਰ ਨੇ ਸੁਆਮੀ ਜੀ ਦੀ ਆਤਮਾ ਨੂੰ ਝੰਜੋੜ ਕੇ ਰਖ ਦਿੱਤਾ। ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਸੂਤ ਦੇ ਧਾਗੇ ਨਾਲ ਬਣੇ ਜਨੇਊ ਨੂੰ ਨਾ ਪਾਉਣ ਦੇ ਸਿਧਾਂਤ ਨੂੰ ਠੀਕ ਮੰਨਿਆ ਹੈ। ਗੁਰੂ ਨਾਨਕ ਪਾਤਸ਼ਾਹ ਦਾ ਫ਼ੁਰਮਾਨ—

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥੧॥੧੫॥ (ਪੰਨਾ ੪੭੧)

ਐਸਾ ਜਨੇਊ ਨਾ ਟੁੱਟ ਸਕਦਾ ਹੈ, ਨਾ ਮੈਲਾ ਹੁੰਦਾ ਹੈ, ਨਾ ਸੜ ਸਕਦਾ ਹੈ ਅਤੇ ਨਾ ਪੁਰਾਣਾ ਹੁੰਦਾ ਹੈ। ਜੋ ਮਨੁਖ ਐਸਾ ਜਨੇਊ ਧਾਰਨ ਕਰਦੇ ਹਨ, ਉਹ ਧੰਨ ਹਨ।

**ਇਸਤ੍ਰੀ**:—ਤੁਲਸੀ ਰਾਮਾਇਣ ਅਨੁਸਾਰ ਗੰਵਾਰ, ਔਰਤ, ਸ਼ੂਦਰ ਅਤੇ ਪਸ਼ੂ—ਚਾਰੇ ਡੰਡੇ ਦੇ ਪੀਰ ਹਨ। ਗੀਤਾ ਅਨੁਸਾਰ ਇਹ ਪਾਪ ਦੀ ਜੂਨੀ ਹਨ। ਔਰਤ ਨੂੰ ਸਭ ਨਾਲੋਂ ਅਪਵਿਤ੍ਰ ਤੇ ਘਟੀਆ ਮੰਨਿਆ ਗਿਆ ਹੈ। ਬੰਦੇ ਦਾ ਦੀਨ ਭ੍ਰਿਸ਼ਟ ਕਰਨ ਵਾਲੀ ਆਖ ਕੇ ਦੁਰਕਾਰਿਆ ਗਿਆ ਹੈ। ਇਸਤ੍ਰੀ ਦੇ ਮਾਮਲੇ ਵਿਚ ਵੀ ਸਵਾਮੀ ਜੀ ਗੁਰੂ ਆਸ਼ੇ ਦੇ ਅਨੁਆਈ ਹਨ—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥੨॥੧੯॥ (ਪੰਨਾ ੪੭੩)

ਗੁਰਮਤਿ ਹੀ, ਹਿੰਦੂ ਸਮਾਜ ਵਲੋਂ ਦੁਰਕਾਰੀ ਤੇ ਲਿਤਾੜੀ ਹੋਈ ਔਰਤ ਨੂੰ ਸਮਾਜ ਵਿਚ ਬਾ-ਇਜ਼ਤ ਮਰਦ ਬਰਾਬਰ ਅਧਿਕਾਰ ਦੇਣ ਦੀ ਹਾਮੀ ਹੈ। ਸੁਆਮੀ ਜੀ ਨੇ ਇਸ ਸਿਧਾਂਤ ਮੂਹਰੇ ਸਿਰ ਝੁਕਾਇਆ ਹੈ।

**ਸ਼ੂਦਰ** :- ਰਿਗਵੇਦ ਅਤੇ ਹੋਰ ਹਿੰਦੂ ਸ਼ਾਸਤਰਾਂ ਵਿਚ ਸ਼ੂਦਰਾਂ ਬਾਰੇ ਬਹੁਤ ਘਟੀਆ ਸ਼ਬਦਾਵਲੀ ਤੇ ਵਰਤਾਉ ਕਰਨ ਲਈ ਲਿਖਿਆ ਗਿਆ ਹੈ। ਉਦਾਹਰਣ ਦੇ ਤੌਰ ਤੇ—

(੧) ਸ਼ੂਦਰ ਨੂੰ ਖਾਣ ਲਈ ਦਵਿਜਾਂ ਦੀ ਜੂਠ, ਪਹਿਨਣ ਲਈ ਫਟੇ ਪੁਰਾਣੇ ਕਪੜੇ ਅਤੇ ਜੇ ਉਹਨਾਂ ਨੂੰ ਅੰਨ ਦੇਣਾ ਹੋਵੇ ਤਾਂ ਬਿਲਕੁਲ ਘਟੀਆ ਅੰਨ ਦਿੱਤਾ ਜਾਵੇ। ਕੁੱਤਿਆਂ, ਪਤਿਤਾਂ (ਸ਼ੂਦਰਾਂ) ਨੀਚਾਂ, ਪਾਪੀਆਂ, ਰੋਗੀਆਂ, ਕਾਵਾਂ ਤੇ ਕੀੜਿਆਂ ਨੂੰ ਚੀਜ਼ ਦੇਣੀ ਹੋਵੇ ਤਾਂ ਦੂਰੋਂ ਸੁੱਟ ਦਿੱਤੀ ਜਾਵੇ।



www.AKJ.Org

(੨) ਇਹ ਸੂਦਰ ਮੁਰਦਿਆਂ ਦੇ ਕਪੜੇ ਲਾਹ ਕੇ ਪਹਿਨਣ, ਟੁੱਟੇ ਬਰਤਨਾਂ ਵਿਚ ਰੋਟੀ ਖਾਣ, ਲੋਹੇ ਦੇ ਗਹਿਣੇ ਪਹਿਨਣ ਅਤੇ ਇਧਰ ਉਧਰ ਪਿੰਡਾਂ ਵਿਚ ਘੁੰਮਦੇ ਫਿਰਨ।

(੩) ਸੂਦਰ ਦੀ ਹੱਤਿਆ ਕੁੱਤੇ ਬਰਾਬਰ ਹੈ।

(੪) ਮਨੂੰ ਸਿੰਮ੍ਰਤੀ ਮੁਤਾਬਿਕ ਜੇ ਸੂਦਰ, ਕੰਮ ਕਰਕੇ ਧਨ ਕਮਾ ਲਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਕੋਲੋਂ ਧਨ ਖੋਹ ਕੇ ਉਸ ਨੂੰ ਦੇਸ-ਨਿਕਾਲਾ ਦੇ ਦੇਵੇ।

**ਏਥੇ** ਵੀ ਸੂਦਰ ਦੇ ਮਾਮਲੇ ਬਾਰੇ ਗੁਰੂ ਨਾਨਕ ਪਾਤਸ਼ਾਹ ਦੇ ਵਿਚਾਰਾਂ ਨੇ ਸੁਆਮੀ ਜੀ ਨੂੰ ਮੋਹ ਲਿਆ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (ਪੰਨਾ ੧੫)

ਤਥਾ— ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥੧੩॥ (ਪੰਨਾ ੪੭੦)

ਗੁਰਮਤਿ ਫਿਲਾਸਫੀ ਹਿੰਦੂ ਧਰਮ ਦੀ ਇਸ ਕਾਣੀ ਵੰਡ ਦੀ ਗੱਜ ਵੱਜ ਕੇ ਵਿਰੋਧਤਾ ਕਰਦੀ ਹੈ। ਤੇ "ਉਪਦੇਸੁ ਚਹੁ ਵਰਨਾ ਕਉ ਸਾਝਾ"* ਦੇ ਸਿਧਾਂਤ ਨੂੰ ਮੰਨਣ ਲਈ ਪ੍ਰੇਰਦੀ ਹੈ। ਆਪਣੀ ਇਸ ਕਿਤਾਬਚੀ ਵਿਚ ਸੁਆਮੀ ਜੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਬਾਰੇ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਾਰ ਦੇ ਬਹੁਤ ਸਾਰੇ ਇਤਿਹਾਸ ਨੂੰ ਪੜ੍ਹ ਕੇ ਵਿਚਾਰਿਆ ਕਿ ਬ੍ਰਾਹਮਣ ਨੂੰ ਗੁਰੂ ਬਣਾ ਕੇ ਅਤੇ ਉਸ ਦੇ ਧਰਮ-ਸ਼ਾਸਤਰਾਂ ਨੂੰ ਪਰਵਾਨ ਕਰ ਕੇ ਹਿੰਦੂ ਜਾਤਿ ਦੇ ਜੀਉਂਦੇ ਰਹਿਣ ਦੀ ਆਸ ਰਖਣੀ ਨਿਸਫਲ ਹੈ। ਇਸ ਲਈ ਗੁਰੂ ਜੀ ਕਿਸੇ ਭੀ ਵਿਦਵਾਨ ਬ੍ਰਾਹਮਣ ਨਾਲ ਸਹਿਮਤ ਨਾ ਹੋਏ। ਉਨ੍ਹਾਂ ਨੇ ਬ੍ਰਾਹਮਣੀ ਸ਼ਾਸਤਰਾਂ ਦੇ ਬਿਲਕੁਲ ਉਲਟ ਚਹੁੰ ਵਰਨਾਂ ਦੇ ਵਿਅਕਤੀਆਂ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ ਅਤੇ ਉਪਦੇਸ਼ ਦਿੱਤਾ—

ਏਕੋ ਜਪਿ ਏਕੋ ਸਾਲਾਹਿ ॥੮॥੧੭॥ (ਪੰਨਾ ੨੮੯)

ਭਾਵ, ਦੇਵੀ ਦੇਵਤਿਆਂ ਦੀ ਭਗਤੀ ਨੂੰ ਤਿਆਗਣ, ਤਥਾ, ਵੇਦ ਆਦਿ ਗ੍ਰੰਥਾਂ ਦੇ ਕਰਮ-ਕਾਂਡੀ ਵਿਚਾਰਾਂ ਨੂੰ ਤਿਆਗਣ ਅਤੇ ਕੇਵਲ ਇਕ ਪ੍ਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਾਇਆ।

**ਮੂਰਤੀ ਪੂਜਾ** :—ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥੨੦॥ (ਪੰਨਾ ੫੫੬)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਿਆ ਕਿ ਹਿੰਦੂ ਤਾਂ ਮੁਢ ਤੋਂ ਹੀ ਭਟਕੇ ਹੋਏ ਲੋਕ ਹਨ, ਜੋ ਪੁੱਠ ਚਲਦੇ ਹਨ। ਜਿਵੇਂ ਨਾਰਦ ਮੁਨੀ ਨੇ ਇਹਨਾਂ ਨੂੰ ਦਸਿਆ ਹੈ ਇਹ ਉਸੀ ਤਰ੍ਹਾਂ ਪੱਥਰ-ਪੂਜਾ ਕਰਦੇ ਆ ਰਹੇ ਹਨ। ਸੁਆਮੀ ਜੀ ਨੇ ਵਿਅੰਗ ਕਰਦੇ ਲਿਖਿਆ ਹੈ—

"ਮਨੋ ਕਲਪੇ ਬੁੱਤਾਂ ਨੂੰ ਆਪਣੇ ਆਪਣੇ ਅਚਾਰੀਆਂ ਦੇ ਮੱਤਾਂ ਅਨੁਸਾਰ ਅਨੇਕਾਂ ਈਸ਼ਵਰਾਂ ਤੇ ਮੂਰਤੀਆਂ ਨੂੰ ਪੂਜਣਾ ਹਿੰਦੂ ਧਰਮ ਹੈ। ਇਸ ਦੇ ਉਲਟ ਪ੍ਰਭੂ ਜੋ ਨਿਰਗੁਣ ਹੈ, ਨਿਰੰਕਾਰ ਹੈ ਅਤੇ ਵਿਆਪਕ ਹੈ, ਐਸੇ ਸਤਿਗੁਰ ਪ੍ਰਸਾਦਿ ਜਾਂ ਸਤਿ ਚਿੱਤ ਅਨੰਦ ਸਰੂਪ ਇਕ ਪ੍ਰਮੇਸ਼ਰ ਨੂੰ ਮੰਨਣਾ ਸਿਖ ਧਰਮ ਹੈ।"

ਹਿੰਦੂ ਧਰਮ-ਅਸਥਾਨਾਂ, ਖ਼ਾਸ ਕਰਕੇ ਉੜੀਸਾ ਦੇ ਜਗਨ ਨਾਥ ਪੁਰੀ, ਭੁਵਨੇਸ਼ਵਰ, ਕੋਨਾਰਕ ਦੇ ਪ੍ਰਸਿਧ ਮੰਦਰਾਂ ਵਿਚ ਜਵਾਨ ਉਮਰ ਦੀਆਂ ਔਰਤਾਂ ਨਾਲ ਭੋਗ ਬਿਲਾਸ ਦੇ ਕੋਕ-ਸ਼ਾਸਤਰੀ ਆਸਣ ਦਿਖਾਏ ਗਏ ਚਿਤਰਾਂ ਦਾ, ਸਵਾਮੀ ਜੀ ਨੇ ਹਿੰਦੂ ਧਰਮ ਨੂੰ ਕਾਮ ਵਾਸ਼ਨਾ ਉਤੇਜਿਤ ਕਰਨ ਹਿਤ ਦੋਸ਼ੀ ਠਹਿਰਾਇਆ ਹੈ। ਸਵਾਮੀ ਜੀ ਕਹਿੰਦੇ ਹਨ, ਅਜਿਹੇ ਧਰਮ-ਅਸਥਾਨ ਕਿਸ ਕਿਸਮ ਦੀ ਰੌਸ਼ਨੀ ਦੇਣਗੇ ? ਕੀ ਅਜਿਹ ਰਾਖਸ਼ਸੀ ਅਸਥਾਨਾਂ ਵਿਚ ਦੇਵਤੇ ਵਾਸਾ ਕਰਦੇ ਹਨ ? ਜੇ ਉੱਤਰ ਹਾਂ ਵਿਚ ਹੈ ਤਾਂ ਕੀ ਉਹ ਦੇਵਤੇ

* ਸੂਹੀ ਮ: ੫, ॥੪॥੩॥੫੦॥ ਪੰਨਾ ੭੪੭



www.AKJ.Org

ਕਹਾਉਣ ਦੇ ਅਧਿਕਾਰੀ ਹਨ ? ਇਸੇ ਤਰ੍ਹਾਂ ਸ਼ਿਵਜੀ ਨੂੰ ਰਿਸ਼ੀਆਂ ਦੀਆਂ ਪਤਨੀਆਂ ਦੇ ਕਾਮ ਨੂੰ ਉਤੇਜਿਤ ਕਰਨ ਦੇ, ਨਾ-ਲਿਖੇ ਤੇ ਕਹੇ ਜਾਣ ਵਾਲੇ ਕਾਰਨਾਮੇ ਕਰਦੇ ਦਿਖਾਇਆ ਗਿਆ ਹੈ ।

**ਵਰਤ ਰਖਣੇ:**—ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥੩॥੧੧॥ (ਪੰਨਾ ੮੭੩)

ਗੁਰਮਤਿ ਦੇ ਮਹਾਂਵਾਕ ਦੀ ਉੱਚਮਤਾ ਨੂੰ ਸਵਾਮੀ ਜੀ ਨੇ ਮੰਨਿਆ ਤੇ ਸ਼ਲਾਘਾ ਕੀਤੀ ਹੈ। ਹਿੰਦੂ ਧਰਮ ਵਿਚ ਪ੍ਰਚਲਤ ਕਈ ਤਰ੍ਹਾਂ ਦੇ ਵਰਤ ਰਖਣੇ, ਭੁੱਖੇ ਰਹਿ ਕੇ ਤੱਪ ਸਾਧਣੇ ਆਦਿ ਕਰਮਾਂ ਨੂੰ ਫੋਕਟ ਕਰਮ-ਕਾਂਡ ਆਖ ਕੇ ਸਵਾਮੀ ਜੀ ਨੇ ਦੁਰਕਾਰਿਆ ਹੈ। ਇਸ ਤੋਂ ਇਲਾਵਾ ਹੋਰ ਕਈ ਕਰਮ-ਕਾਂਡਾਂ ਬਾਰੇ ਸਵਾਮੀ ਜੀ ਨੇ ਆਪਣੀ ਪੁਸਤਕ ਵਿਚ ਟੀਕਾ ਟਿੱਪਣੀ ਕੀਤੀ ਹੈ । ਸੁਆਮੀ ਜੀ ਆਪਣੀ ਖੋਜ ਦਾ ਤੱਤ ਕੱਢਦਿਆਂ ਲਿਖਦੇ ਹਨ—

"ਵੇਦਾਂ ਦਾ, ਸ਼ਾਸਤਰਾਂ ਦਾ, ਸਿਮ੍ਰਤੀਆਂ ਦਾ, ਸਮਾਰਤ ਸੂਤਰਾਂ ਨੂੰ ਤੰਤਰ ਤਥਾ ਪੁਰਾਣਾਂ ਦਾ ਪੂਰਵੱਵਾਦ ਅਨੇਕ ਦੋਸ਼ਾਂ ਤੋਂ ਭ੍ਰਿਸ਼ਟ ਹੋਈ ਜਾਣ ਕੇ, ਮੈਂ ਬਹੁਤ ਸਾਰੇ ਅੰਸ਼ਾਂ ਵਿਚ ਇਨ੍ਹਾਂ ਗ੍ਰੰਥਾਂ ਨੂੰ ਛੋੜ ਦਿਤਾ ਹੈ। ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁਲ ਹੀ ਨਿਰਦੋਸ਼ ਜਾਣ ਕੇ ਅਤੇ ਮਨੁਖ ਮਾਤ੍ਰ ਦਾ ਹਿਤੈਸ਼ੀ ਮੰਨ ਕੇ ਮੈਂ ਇਸ ਗੁਰੂ ਗ੍ਰੰਥ ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ। ਇਸ ਲਈ ਮੈਂ ਗੁਰੂ ਦਾ ਸਿੱਖ ਹਾਂ। ਜਿਨ੍ਹਾਂ ਜਿਨ੍ਹਾਂ ਥਾਵਾਂ ਤੇ ਆਦਿ ਗ੍ਰੰਥ ਨੂੰ ਗੁਪਤ ਕਰ ਦਿੱਤਾ ਗਿਆ ਹੈ, ਉਹਨਾਂ ਉਹਨਾਂ ਥਾਵਾਂ ਤੇ 'ਆਦਿ ਗੁਰੂ ਗ੍ਰੰਥ' ਫਿਰ ਸ਼ੋਭਾ ਪਾਉਣਗੇ। 'ਆਦਿ ਗੁਰੂ ਗ੍ਰੰਥ' ਨਾਲ ਵਿਰੋਧ ਕਰਨ ਵਾਲਾ ਕੋਈ ਭੀ ਵਿਅਕਤੀ ਸੁਖੀ ਨਹੀਂ ਰਹਿ ਸਕੇਗਾ। ਮੇਰਾ ਇਹ ਅਨੁਭਵ ਹੈ।"

ਪਰ ਅਫ਼ਸੋਸ ਦੀ ਗੱਲ ਹੈ ਕਿ ਸਿਖ ਧਰਮ ਦੇ ਪ੍ਰਚਾਰਕਾਂ ਨੇ ਧਰਮ ਨੂੰ ਰੋਟੀਆਂ ਕਾਰਨ ਤਾਲ ਪੂਰੇ ਕਰਨ ਲਈ ਵਰਤਣਾ ਸ਼ੁਰੂ ਕਰ ਦਿਤਾ, ਭਾਵ, ਸਿੱਖ ਧਰਮ ਦੇ ਸਿਧਾਂਤਾਂ ਨੂੰ ਕਰਮ-ਕਾਂਡੀ ਰਸਮਾਂ ਦਾ ਰੂਪ ਦੇ ਦਿਤਾ ਹੈ। ਪ੍ਰੈਕਟਿਸ ਅਲੋਪ ਹੋ ਗਈ। ਸਿਖ ਲਿਖਾਰੀਆਂ ਨੇ ਵੀ ਮਨ-ਮਰਜ਼ੀ ਦੀਆਂ ਕਹਾਣੀਆਂ ਘੜ ਕੇ ਸਿਧਾਂਤਾਂ ਨੂੰ ਧੁੰਦਲੇ ਕਰ ਦਿੱਤਾ ਹੈ। ਚਿੱਤ੍ਰਕਾਰ ਵੀ ਗੁਰੂ ਸਾਹਿਬਾਨ ਦੀਆਂ ਮਨੋਕਲਪਿਤ ਫ਼ੋਟੋ ਤੇ ਮੂਰਤੀਆਂ ਬਣਾ ਕੇ ਸਿੱਖਾਂ ਨੂੰ ਮੂਰਤੀ-ਪੂਜ ਬਣਾ ਰਹੇ ਹਨ ਤੇ ਗੁਰੂ ਹੁਕਮ "ਗੁਰ ਮੂਰਤਿ ਗੁਰ ਸਬਦ ਹੈ," ਦੀ ਅਟੱਲ ਸਚਾਈ ਤੋਂ ਜਗਿਆਸੂਆਂ ਨੂੰ ਲਾਂਭੇ ਕਰ ਰਹੇ ਹਨ। ਅਰਦਾਸ ਹੈ ਵਾਹਿਗੁਰੂ ਸਿਖ ਕੌਮ ਨੂੰ ਗੁਰਮਤਿ ਗਾਡੀ ਰਾਹ ਤੇ ਚਲਣ ਦੀ ਸਮਰਥਾ ਬਖਸ਼ਣ।

---

# ਖ਼ਿਆਲ ਦਾਸੀ ਦਾ

[ਸ: ਸੁਰਜੀਤ ਸਿੰਘ "ਸਾਜਨ", 629-ਈ, ਭਾਈ ਰਣਜੀਤ ਸਿੰਘ ਨਗਰ, ਲੁਧਿਆਣਾ]

ਹੇ ਦਾਤਾ ! ਕੁਝ ਤਾਂ ਖ਼ਿਆਲ ਕਰ, ਮੇਰੀ ਉਦਾਸੀ ਦਾ ! ਦੰਮ ਘੁਟਦਾ ਪਿਆ ਹੈ, ਇਸ ਜਨਮਾਂ ਦੀ ਪਿਆਸੀ ਦਾ !
ਮੌਲਾ ਤੇਰੀ ਰਹਿਮਤ ਨੂੰ, ਉਡੀਕਦੀ ਜੇ ਮਰ ਗਈ ਮੈਂ, ਕੌਣ ਧਰਵਾਸ ਬੰਨ੍ਹੇਗਾ ਭਲਾ, ਫਿਰ ਇਸ ਬੇਆਸੀ ਦਾ !
ਉਫ਼ ਗ਼ਮਾਂ ਦੀ ਦੌਲਤ, ਮੇਰੇ ਕੋਲ ਪਹਿਲਾਂ ਹੀ ਬਥੇਰੀ ਹੈ, ਭੋਰਾ ਵੀ ਨਹੀਂ ਮਿਲਿਆ, ਅਜੇ ਤਕ ਸੁੱਖ-ਰਾਸੀ ਦਾ !
ਕਿੰਜ ਮੁੱਕੇਗਾ ਚੁਰਾਸੀ ਦਾ ਗੇੜ,ਸਮਝ ਨਹੀਂ ਆਉਂਦੀ ਮੈਨੂੰ,ਤਿਲ ਤਿਲ ਕਰ ਮਾਰਦਾ ਹੈ,ਡਰ ਗ਼ਮਾਂ ਦੀ ਫਾਸੀ ਦਾ !
ਖਿਤੀਆਂ ਦਾ ਘੁੰਮਣਾ, ਬੜਾ ਖ਼ੌਫਜ਼ਦਾ ਮੰਜ਼ਰ ਲਗਦਾ ਹੈ,ਪਰ, ਅਰਥ ਨਹੀਂ ਸਮਝ ਆਉਂਦਾ, ਹੋਣੀ ਦੀ ਹਾਸੀ ਦਾ !
ਬੜੇ ਤਰਲੇ ਪਾਏ, ਕੁਝ ਵੀ ਨਹੀਂ ਬਣਿਆ ਅਜੇ ਤੱਕ, ਕੋਈ ਵੀ ਤਾਂ ਹਮਦਰਦ ਨਹੀਂ ਹੈ, ਇਸ ਨਿਰਾਸੀ ਦਾ !
ਮੁੜ ਮੁੜ ਕੇ ਜੰਮਣ-ਮਰਨ ਦਾ ਇਹ ਭੈੜਾ ਚੱਕਰ, ਕੋਈ ਰਾਹ ਨਹੀਂ ਦਿਸਦਾ ਹੈ, ਹੁਣ ਤਾਂ ਬੰਦ-ਖਲਾਸੀ ਦਾ !
ਬਹੁਤ ਜਨਮ ਹੋਏ ਨੇ, ਤੇਰੇ ਤੋਂ ਵਿਛੜਿਆਂ ਨੂੰ ਮੈਨੂੰ,'ਸਾਜਨ' ਤੂੰ ਸਭ ਨੂੰ ਬਖ਼ਸ਼ੇਂ,ਕਿਉਂ ਨਹੀਂ ਖ਼ਿਆਲ ਦਾਸੀ ਦਾ !



www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੯)

[ਪ੍ਰੋ: ਗੁਰਮੁਖ ਸਿੰਘ ਜੀ, ਹਾਲ : ਸਿਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ]

ਡਾਕਟਰ ਸੁਰਿੰਦਰ ਸਿੰਘ ਜੀ, ਜਿਨ੍ਹਾਂ ਨੂੰ ਅਖੰਡ ਕੀਰਤਨੀ ਜੱਥੇ ਦੇ ਸਿੰਘ ਆਮ ਤੌਰ ਤੇ "ਵੀਰ ਜੀ" ਕਰਕੇ ਸਦਦੇ ਸਨ, ਜੱਥੇ ਦੇ ਉੱਘੇ ਪੁਰਾਤਨ ਸਿੰਘ, ਸੂਬੇਦਾਰ ਮੇਜਰ ਭਾਈ ਹਰਿਬਚਨ ਸਿੰਘ ਜੀ ਦੇ ਸਪੁਤਰ ਸਨ। ਗੁਰਸਿੱਖੀ ਰਹੁ-ਰੀਤਿ, ਨਿੰਮਰਤਾ, ਆਪਾ ਮੇਟਣਾ, ਅਤੇ ਦੂਜਿਆਂ ਲਈ ਆਪਾ ਵਾਰਨਾ; ਇਹ ਸਾਰੇ ਦੈਵੀ ਗੁਣ ਆਪ ਜੀ ਨੂੰ ਵਿਰਸੇ ਵਿਚ ਹੀ ਮਿਲ ਗਏ। ਪਿਤਾ ਜੀ ਦੇ ਅਕਾਲ ਚਲਾਣੇ ਸਮੇਂ ਆਪ ਛੋਟੀ ਉਮਰ ਦੇ ਸਨ। ਚਾਚਾ ਜੀ ਸ: ਹਰਿਮੋਹਨ ਸਿੰਘ ਜੀ ਨੇ ਆਪ ਦਾ ਪਾਲਨ ਪੋਸ਼ਨ ਕੀਤਾ। ਪੜ੍ਹ ਲਿਖ ਕੇ, ਸਾਨੀਅਹ ਕੈਂਬਰਿਜ ਲਖਨਊ ਤੋਂ ਪਾਸ ਕਰ ਕੇ, ਕੁਝ ਚਿਰ ਆਪ ਨੇ ਫਾਇਰਸਟੋਨ ਟਾਇਰ ਕੰਪਨੀ ਬੰਬਈ ਵਿਖੇ ਨੌਕਰੀ ਕੀਤੀ। ਕਰਨਲ ਪਿਆਰਾ ਸਿੰਘ (ਜੇਪੁਰ) ਦੀ ਵੱਡੀ ਲੜਕੀ ਵੀਰ ਜੀ ਦੇ ਚਾਚੀ ਜੀ ਸਨ। ਇਹ ਪਤਾ ਨਹੀਂ ਕਦੋਂ ਇਹਨਾਂ ਦੇ ਜੀਵਨ ਵਿਚ ਪਲਟਾ ਆਇਆ ਕਿ ਦੁਨੀਆ ਦੇ ਸਾਰੇ ਸੁਖ ਆਰਾਮ ਛੱਡ ਕੇ ਜੱਥੇ ਨਾਲ ਪਿਤਾ ਜੀ ਵਾਂਗ ਸੰਬੰਧ ਜੋੜ ਲਿਆ ਅਤੇ ਅੰਮ੍ਰਿਤ ਦਾ ਛਾਂਦਾ ਛੱਕ ਕੇ ਤਿਆਰ-ਬਰ-ਤਿਆਰ ਸਿੰਘ ਸੱਜ ਗਏ। ਫਿਰ ਰੱਜ ਕੇ ਨਾਮ ਬਾਣੀ ਦੀ ਕਮਾਈ ਕੀਤੀ, ਨੌਕਰੀ ਛੱਡ ਦਿਤੀ, ਜੋ ਕੁਝ ਸੰਪਤੀ ਪਾਸ ਸੀ, ਉਸੇ ਵਿਚੋਂ ਨਿਰਬਾਹ ਕਰਦੇ ਰਹੇ। ਅਨੰਦ ਕਾਰਜ ਕਰਾਉਣ ਦਾ ਫੁਰਨਾ ਹੀ ਨਹੀਂ ਉਪਜਿਆ। ਹੋਮਿਓਪੈਥੀ ਦਾ ਆਪ ਜੀ ਨੂੰ ਗਿਆਨ ਸੀ। ਪਰਉਪਕਾਰ ਲਈ ਸਿੰਘਾਂ ਨੂੰ ਮੁਫਤ ਦਵਾਈ ਦੇਣਾ ਆਪ ਦਾ ਸ਼ੇਵਾ ਸੀ। ਹੋਮਿਓਪੈਥਿਕ, ਬਾਇਓਕੈਮਿਕ ਅਤੇ ਡੀ. ਸ਼ੈਨ ਦਵਾਈਆਂ ਹਮੇਸ਼ਾ ਆਪ ਦੇ ਝੋਲੇ ਵਿਚ ਰਹਿੰਦੀਆਂ ਸਨ। ਕੀਰਤਨ-ਸਮਾਗਮਾਂ ਤੇ ਤਾਂ ਆਪ ਜੀ ਦੇ ਦੁਆਲੇ ਸਿੰਘਾਂ ਦਾ ਝੁਰਮਟ ਲਗਾ ਰਹਿੰਦਾ ਸੀ। ਦਵਾਈਆਂ ਭੀ ਵੰਡਦੇ, ਨਾਲੇ ਸਿੰਘਾਂ ਨਾਲ ਗੁਰਮਤਿ ਦੀਆਂ ਵਿਚਾਰਾਂ ਸਾਂਝੀਆਂ ਕਰਦੇ।

ਜੱਥੇਦਾਰ ਬਾਊ ਮੱਲ ਸਿੰਘ ਜੀ ਉਹਨਾਂ ਬਾਰੇ ਕਈ ਵਾਰ ਕਹਿੰਦੇ ਸੁਣੇ, "ਭਾਈ ਸੁਰਿੰਦਰ ਸਿੰਘ ਸੌ ਸੰਤਾਂ ਦਾ ਸੰਤ ਹੈ।" ਉਹਨਾਂ ਦੀ ਉਚ ਆਤਮਕ ਅਡੋਲਤਾ ਨੂੰ ਜਿਸ ਨੇ ਭੀ ਨੇੜਿਓਂ ਵੇਖਿਆ, ਉਹ ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਰਹਿ ਨਹੀਂ ਸਕਿਆ।

ਅਪ੍ਰੈਲ ੧੯੬੨ ਦੇ ਅੰਤ ਵਿਚ ਦਾਸ ਨੇ ਜਦੋਂ ਧੂਰੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਰੈਣ ਸਬਾਈ ਦਾ ਸਮਾਗਮ ਰਖਿਆ ਤਾਂ ਵੀਰ ਸੁਰਿੰਦਰ ਸਿੰਘ ਸਾਡੇ ਗ੍ਰਿਹ ਵਿਖੇ ਇਕ ਹਫਤਾ ਪਹਿਲਾਂ ਸਾਡੀ ਬੇਨਤੀ ਤੇ ਆਏ, ਸਾਨੂੰ ਪਵਿਤਰ ਸਮਾਗਮ ਦੌਰਾਨ ਸਿੰਘਾਂ ਦੀ ਸੇਵਾ ਕਰਨ ਦੀ ਜਾਚ ਸਿਖਾਈ। ਸ੍ਰੀ ਅਖੰਡ ਪਾਠ ਲਈ ਚੱਕੀ ਤੇ ਰੱਲ ਕੇ ਆਟਾ ਪੀਸਿਆ। ਦਲੀਏ ਲਈ ਰੱਲ ਕੇ ਚੱਕੀ ਪੀਸੀ। ਪਾਠੀ ਸਿੰਘਾਂ ਦੀ ਕਿੰਜ ਸੇਵਾ ਕਰੀਦੀ ਹੈ, ਇਸ ਦਾ ਪੂਰਾ ਪ੍ਰਬੰਧ ਆਪ ਕੀਤਾ। ਕਹਿੰਦੇ ਸੀ ਜੇ ਸ੍ਰੀ ਅਖੰਡ ਪਾਠ ਕਰਨਾ ਹੋਵੇ ਤਾਂ ਪੰਜੇ ਪਾਠੀ ਸਿੰਘ ਕਾਰ-ਵਿਹਾਰਾਂ ਤੋਂ ਛੁਟੀ ਲੈ ਕੇ ਪਾਠ ਕਰਨ। ਇੰਜ ਉਹ ਹਰ ਵਕਤ ਗੁਰਬਾਣੀ ਦੇ ਚਲ ਰਹੇ ਪ੍ਰਵਾਹ ਦੇ ਮਾਹੌਲ ਵਿਚ ਵਿਚਰਨ। ਇਸ ਨਾਲ ਉਹਨਾਂ ਦੀ ਸੁਰਤੀ ਬਿਰਤੀ ਉੱਚੀ ਹੁੰਦੀ ਹੈ। ਹੁਣ ਇੰਜ ਲਗਦਾ ਹੈ ਜਿਵੇਂ ਅਸੀਂ ਅੱਜ ਦੇ ਪਾਠ ਕਰਨ ਵਾਲੇ ਪ੍ਰੇਮੀ ਸ੍ਰੀ ਅਖੰਡ ਪਾਠ ਸਾਹਿਬ ਵਰਗੇ ਪਵਿੱਤਰ ਸਮਾਗਮ ਦੀ ਮਹੱਤਤਾ ਨੂੰ ਨਹੀਂ ਸਮਝ ਰਹੇ। ਕਾਰ ਵਿਹਾਰਾਂ ਵਿਚੋਂ ਜੋ ਸਮਾਂ ਬਚਦਾ ਹੈ, ਇਕ ਘੰਟੇ ਦੀ ਜਾਂ ਦੋ ਘੰਟਿਆਂ ਦੀ ਆਪਣੀ ਰੌਲ ਦੇ ਕੇ ਬਾਕੀ ਦਾ ਸਾਰਾ ਸਮਾਂ ਸੰਸਾਰਕ ਕਾਰ ਵਿਹਾਰਾਂ ਵਿਚ ਬਿਤਾਉਂਦੇ ਹਾਂ। ਇਹੋ ਕਾਰਨ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਕਰਨ ਤੋਂ ਮਗਰੋਂ ਭੀ ਸਾਡੀਆਂ ਸੁਰਤੀਆਂ ਬਿਰਤੀਆਂ ਵਿਚ ਕੋਈ ਖ਼ਾਸ ਫਰਕ ਨਹੀਂ ਆਉਂਦਾ।

ਮੈਨੂੰ ਯਾਦ ਹੈ ਅਸੀਂ ਵੀਰ ਸੁਰਿੰਦਰ ਸਿੰਘ ਜੀ ਦੀ ਅਗੇਤਰੀ ਹਿਦਾਇਤ ਤੇ ਪੰਜੇ ਪਾਠੀਆਂ ਦੀ ਸ੍ਰੀ ਅਖੰਡ ਪਾਠ ਦੇ ਦਿਨਾਂ ਵਿਚ ਸਾਡੇ ਗ੍ਰਿਹ ਵਿਖੇ ਆ ਕੇ ਠਹਿਰਨ ਦੀ ਪਰਵਾਨਗੀ ਲੈ ਲਈ ਸੀ। ਚੰਗੇ



www.AKJ.Org

ਭਾਗਾਂ ਨੂੰ ਪਾਠੀ ਭੀ ਉਹ ਸਨ ਜੋ ਉਸ ਸਮੇਂ ਦੇ ਚੜ੍ਹਦੀਆਂ ਕਲਾ ਵਾਲੇ ਸਿੰਘ ਸਨ :—

ਸੰਤ ਜਵਾਲਾ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਮਾਸਟਰ ਜੁਗਿੰਦਰ ਸਿੰਘ ਜੀ,
ਭਾਈ ਅਮਰੀਕ ਸਿੰਘ ਜੀ, ਕੈਪਟਨ ਸ਼ੇਰ ਸਿੰਘ ਜੀ।

ਸੱਚਮੁੱਚ ਉਸ ਪਾਠ ਦੇ ਸੁਣਨ ਦਾ ਤੇ ਸੇਵਾ ਕਰਨ ਦਾ ਅਨੋਖਾ ਰਸ ਬਝਾ। ਅਸੀਂ ਸਦਾ ਇਹੋ ਜਤਨ ਕਰੀਏ ਕਿ ੪੮ ਘੰਟਿਆਂ ਦੇ ਸ੍ਰੀ ਅਖੰਡ ਪਾਠ ਲਈ ਪੰਜੇ ਪਾਠੀ ਜਿਥੇ ਮੋਖ-ਰਹਿਤ ਪਾਠ ਕਰਨ, ਉਥੇ ਇਹ ਉਸੇ ਅਸਥਾਨ ਤੇ ਹੀ ਰਹਿ ਕੇ ਪਾਠ ਦੀ ਸੇਵਾ ਕਰਨ। ਬਚਨ ਬਿਲਾਸ ਘੱਟ ਤੋਂ ਘੱਟ ਕੀਤੇ ਜਾਣ। ਫਿਰ ਦੇਖੋ ਕਿਵੇਂ ਕਲਾ ਵਰਤਦੀ ਹੈ!

ਵੀਰ ਸੁਰਿੰਦਰ ਸਿੰਘ ਜੀ ੧੯੬੨ ਵਿਚ ਅਜੇ ਵਾਜੇ ਉਤੇ ਉਂਗਲਾਂ ਚਲਾ ਕੇ ਧੁਰ-ਅੰਦਰ ਦੀ ਬਖ਼ਸ਼ਸ਼ ਨਾਲ ਕੋਈ ਕੋਈ ਸ਼ਬਦ ਸੰਗਤ ਵਿਚ ਪੜ੍ਹਦੇ ਹੁੰਦੇ। ਕਿਸੇ ਪਾਸੋਂ ਰਾਗ ਵਿਦਿਆ ਨਹੀਂ ਸਿਖੀ। ਮੈਂ ਉਹਨਾਂ ਤੋਂ ੧੯੬੨ ਤੋਂ ਕੀਰਤਨ ਸੁਣਦਾ ਆਇਆ ਹਾਂ। ਉਹਨਾਂ ਦੀ ਰੂਹ ਦੇ ਵਿਗਾਸ ਨਾਲ ਕੀਰਤਨ ਵਿਚ ਭੀ ਇਕ ਅਦਭੁਤ ਵਿਗਾਸ ਆਇਆ। ਕੀਰਤਨ ਕਰਦੇ ਕਰਦੇ ਵਿਸਮਾਦ ਵਿਚ ਚਲੇ ਜਾਂਦੇ। ਆਮ ਤੌਰ ਤੇ ਜਦੋਂ ਕੀਰਤਨ-ਸਮਾਗਮ ਤੇ ਸਜੇ ਦੀਵਾਨ ਵਿਚ ਆਉਂਦੇ ਸਨ ਤਾਂ ਗੁਰੂ ਮਹਾਰਾਜ ਨੂੰ ਨਮਸਕਾਰ ਕਰ ਕੇ ਸਭ ਤੋਂ ਪਿਛਲੀਆਂ ਕਤਾਰਾਂ ਵਿਚ ਬੈਠਦੇ। ਮੈਂ ਸਗੋਂ ਕਈ ਵਾਰੀ ਉਹਨਾਂ ਨੂੰ ਬੈਕ-ਬੈਂਚਰ ਟਿਚਰ ਭੀ ਕਰਨੀ, ਪਰ ਉਹਨਾਂ ਅਗੋਂ ਹੱਸ ਛਡਣਾ ਤੇ ਕਹਿਣਾ ਕੁਝ ਨਾ। ਉਹਨਾਂ ਦੀ ਅੰਦਰਲੀ ਰਮਜ਼, ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧ ਕਵਿਤਾ 'ਬਿਨਫ਼ਸ਼ੇ ਦਾ ਫੁਲ' ਦੀਆਂ ਇਹਨਾਂ ਲਾਈਨਾਂ ਵਿਚ ਲਭਦੀ ਹੈ—

ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।
ਹਾਏ! ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ।

ਕੀਰਤਨ-ਸਮਾਗਮਾਂ ਤੇ ਆਪ ਨੂੰ ਉਚੇਚੇ ਤੌਰ ਤੇ ਪਿਛਲੀਆਂ ਲਾਈਨਾਂ ਦੇ ਕਿਸੇ ਖੂੰਜੇ ਵਿਚੋਂ ਢੂੰਡ ਕੇ ਸਟੇਜ ਤੇ ਲਿਆਇਆ ਜਾਂਦਾ ਤੇ ਇਹਨਾਂ ਪਾਸੋਂ ਸ਼ਬਦ ਪੜ੍ਹਾਇਆ ਜਾਂਦਾ। ਸੱਚ ਜਾਣਨਾ, ਉਹ ਮੈਨੂੰ ਕਈ ਵਾਰੀ ਕਹਿੰਦੇ ਹੁੰਦੇ, "ਮੈਂ ਕੀਰਤਨ ਸੁਣ ਕੇ ਜ਼ਿਆਦਾ ਪ੍ਰਸੰਨ ਹੁੰਦਾ ਹਾਂ।"

ਇਸ ਜਥੇ ਵਿਚ ਵੀਰ ਸੁਰਿੰਦਰ ਸਿੰਘ ਜੀ ਰੰਗਲੇ ਸਜਣ ਤਾਂ ਸਨ ਹੀ, ਉਹਨਾਂ ਨੇ ਕੀਰਤਨ ਸੰਬੰਧੀ ਆਦਰਸ਼ਕ ਕਦਰਾਂ ਤੇ ਆਪ ਭੀ ਪਹਿਰਾ ਦਿਤਾ ਅਤੇ ਉਹਨਾਂ ਦੇ ਸੰਪਰਕ ਵਿਚ ਆਏ ਉਸ ਸਮੇਂ ਦੇ ਨਾਮੀ ਕੀਰਤਨੀਆਂ ਨੂੰ ਭੀ ਇਸ ਸੰਬੰਧੀ ਸੇਧਾਂ ਦਿਤੀਆਂ। ਮਿਸਾਲ ਵਜੋਂ ਭਾਈ ਮਹਿੰਦਰ ਸਿੰਘ (ਐਸ.ਡੀ.ਓ—ਹਾਲ ਅਮਰੀਕਾ) ਨੂੰ ਕਈ ਵਾਰੀ ਮੇਰੀ ਮੌਜੂਦਗੀ ਵਿਚ ਸਮਝਾਂਦੇ ਹੁੰਦੇ :

"ਜੋ ਸ਼ਬਦ ਸ਼ੁਰੂ ਕੀਤਾ ਹੋਵੇ ਉਸ ਦਾ ਭੋਗ ਪਾ ਕੇ ਦੂਜਾ ਸ਼ਬਦ ਆਰੰਭ ਕਰਨਾ ਚਾਹੀਦਾ ਹੈ।' ਭਾਈ ਮਹਿੰਦਰ ਸਿੰਘ ਜੀ ਦਾ ਆਪਣਾ ਨਿਰਾਲਾ ਕੀਰਤਨ-ਸਟਾਈਲ ਸੀ। ਉਹਨਾਂ ਦਾ ਕੀਰਤਨ "ਕੀਰਤਨੀ-ਲੈਕਚਰ" ਜਿਹਾ ਹੁੰਦਾ ਸੀ। ਵਿਚੇ ਕਿਤੇ ਇਸ਼ਾਰੇ ਮਾਤਰ ਵਿਆਖਿਆ ਭੀ ਕਰਨ ਲਗ ਜਾਂਦੇ ਸਨ। ਉਹਨਾਂ ਦਾ ਕੀਰਤਨ ਬਹੁਤਾ ਤਾਂ "ਲੋਕ-ਸਮਝਾਉਣ ਕਾਰਨੇ" ਹੀ ਹੁੰਦਾ ਸੀ, ਜਿਸ ਨਾਲ ਉਹਨਾਂ ਦਾ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦਾ ਮਨੋਰਥ ਭੀ ਪੂਰਾ ਹੋ ਜਾਂਦਾ ਸੀ।

ਵੀਰ ਸੁਰਿੰਦਰ ਸਿੰਘ ਜੀ ਤੀਖਣ ਬੁੱਧੀ ਦੇ ਤੁਫ਼ੈਲ ਭਾ: ਮਹਿੰਦਰ ਸਿੰਘ ਜੀ ਦੀ ਅੰਦਰਲੀ ਰਮਜ਼ ਪਛਾਣਦੇ ਸਨ। ਉਹ ਇਹ ਕਹਿੰਦੇ ਸਨ, "ਜੋ ਪ੍ਰੇਮੀ ਤੁਹਾਡੇ ਸ਼ਬਦ ਨਾਲ ਸੁਰਤ ਜੋੜ ਕੇ ਬੈਠਦਾ ਹੈ ਜੇ ਤੁਸੀਂ ਉਸ ਸ਼ਬਦ ਨੂੰ ਅੱਧਵਾਟੇ ਛੱਡ ਕੇ ਹੋਰ ਦੇ ਹੋਰ ਪਾਸੇ ਨੂੰ ਤੁਰ ਪਉ ਤਾਂ ਉਹ ਪ੍ਰੇਮੀ ਉਡੀਕ ਵਿਚ ਤੁਹਾਡੇ ਮੂੰਹ ਵਲ ਵੇਖੀ ਜਾਂਦਾ ਹੈ। ਉਹ ਤਾਂ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੀ ਉਡੀਕ ਕਰਦਾ ਹੈ। ਇਤਨੇ ਵਿਚ ਤੁਹਾਡੇ ਪਾਏ ਖਲੇਰੇ ਨਾਲ ਤੁਹਾਡਾ ਟਾਈਮ ਖ਼ਤਮ ਹੋ ਜਾਂਦਾ ਹੈ। ਕੋਈ ਸ਼ਬਦ ਭੀ ਪੂਰਨ ਰੂਪ ਵਿਚ ਗਾਇਨ ਨ ਹੋਇਆ ਤਾਂ ਕੀ ਗੁਰਬਾਣੀ ਦੀ ਬੇਅਦਬੀ ਨਹੀਂ? ਸੰਗਤਾਂ ਨੂੰ ਤੁਸੀਂ ਵੰਨ-ਸੁਵੰਨੀਆਂ ਤਰਜ਼ਾਂ


www.AKJ.Org

(ਕਵਾਲੀ, ਮਿਰਜ਼ਾ ਸਾਹਿਬਾਂ ਦੀ ਧੁਨੀ) ਸੁਣਾ ਕੇ ਰੰਨ-ਰਸ ਤਾਂ ਜ਼ਰੂਰ ਲਾਇਆ, ਪਰ ਨਾ ਤੁਸਾਂ ਆਪ ਆਤਮ-ਰਸ ਮਾਣਿਆ ਤੇ ਨਾ ਸੰਗਤਾਂ ਨੂੰ ਇਸ ਸਹਜ ਰਸ ਦਾ ਛਾਂਦਾ ਛਕਾਇਆ।"

ਭਾਈ ਮਹਿੰਦਰ ਸਿੰਘ ਹਰ ਵਾਰੀ ਸਿਰ ਨੀਵਾਂ ਕਰ ਕ ਸੁਣਦੇ ਰਹੇ, ਪਰ ਉਹਨਾਂ ਦੇ ਕਹੇ ਤੇ ਕਦੀ ਅਮਲ ਨਹੀਂ ਕੀਤਾ।

ਵੀਰ ਸੁਰਿੰਦਰ ਸਿੰਘ ਕਹਿੰਦੇ ਹੁੰਦੇ, "ਕਈ ਕੀਰਤਨੀ ਸਿੰਘਾਂ ਨੂੰ ਕੀਰਤਨ ਕਰਨ ਦਾ ਬੁਖ਼ਾਰ ਜਿਹਾ ਚੜ੍ਹਿਆ ਹੁੰਦਾ ਏ। ਇਸ ਲਈ ਉਹ ਮੱਲੋ ਮੱਲੀ ਵਾਜੇ ਤੇ ਜਿਉਂ ਬੈਠਦੇ ਹਨ, ਹਟਾਇਆਂ ਭੀ ਨਹੀਂ ਹਟਦੇ। ਕਈ ਤਾਂ ਕੀਰਤਨ ਨੂੰ 'ਚੜ੍ਹਾਉਣ' ਖ਼ਾਤਰ ਇਕ ਸਟਾਈਲ ਵਜੋਂ 'ਵਾਹਿਗੁਰੂ' 'ਵਾਹਿਗੁਰੂ' ਦੀ ਧੁਨੀ ਲਾ ਦਿੰਦੇ ਹਨ। ਸ਼ਬਦ ਦਾ ਕੀਰਤਨ ਕਰਨਾ ਹੋਰ ਚੀਜ਼ ਹੈ, ਸੰਗਤੀ ਨਾਮ ਅਭਿਆਸ ਕਰਾਉਣਾ ਬਿਲਕੁਲ ਹੋਰ ਚੀਜ਼ ਹੈ। ਅਭਿਆਸ ਕਰਨ ਸਮੇਂ ਹੀ ਅਭਿਆਸ ਕਰਨਾ ਉਚਿਤ ਹੈ। ਜਿਸ ਜੱਥੇ ਦਾ ਨਾਮ ਹੀ ਅਖੰਡ ਕੀਰਤਨੀ ਜੱਥਾ ਹੈ, ਉਹ ਕੀਰਤਨ ਨੂੰ ਖੰਡਤ ਕਰ ਕੇ ਅਭਿਆਸ ਦੇ ਸਟਾਈਲ ਦੇ ਰਾਹ ਕਿਵੇਂ ਤੁਰ ਪਿਆ?"

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਇਹ ਰਿਵਾਜ ਨਹੀਂ ਸੀ ਪਿਆ।

ਕੀ ਅਖੰਡ ਕੀਰਤਨੀ ਜਥੇ ਦੇ ਵੀਰ ਅਤੇ ਭੈਣਾਂ ਸ੍ਰੀ ਹਰਿਮੰਦਰ ਸਾਹਿਬ ਦੇ ਨਿਰੰਤਰ ਚਲ ਰਹੇ ਕੀਰਤਨ-ਪ੍ਰਵਾਹ ਤੋਂ ਸੇਧ ਲੈਣਗੇ? ਇਥੇ ਕੀਰਤਨ ਦੇ ਲਗਾਤਾਰ ਪ੍ਰਵਾਹ ਵਿਚ 'ਵਾਹਿਗੁਰੂ' 'ਵਾਹਿਗੁਰੂ' ਦੀ ਧੁਨੀ ਨਾਂ-ਮਾਤਰ ਹੀ ਕਿਤੇ ਸੁਣੀਦੀ ਹੈ।

ਕੀ 'ਵਾਹਿਗੁਰੂ ਵਾਹਿਗੁਰੂ' ਕਰਨਾ ਮਾੜੀ ਗੱਲ ਹੈ? ਨਹੀਂ ਜੀ, ਸਗੋਂ ਉਹ ਰਸਨਾ ਧੰਨ ਹੈ ਜੋ 'ਵਾਹਿਗੁਰੂ' 'ਵਾਹਿਗੁਰੂ' ਕਰਦੀ ਹੈ। ਪਰ ਕੀਰਤਨ ਸ੍ਰਵਨ ਕਰਨ ਵਾਲਿਆਂ ਦਾ ਧਿਆਨ ਰੱਖ ਕੇ ਕੀਰਤਨ ਕਰਨਾ ਚਾਹੀਦਾ ਹੈ। ਕੋਈ ਗੁਰੂ ਪਿਆਰਾ ਗੁਰ-ਸ਼ਬਦ ਨਾਲ ਸੁਰਤ ਜੋੜੀ ਬੈਠਾ ਹੁੰਦਾ ਹੈ, ਉਹ ਤਾਂ ਇਕ ਛਿਨ ਲਈ ਭੀ ਇਸ ਤੋਂ ਟੁਟਣਾ ਨਹੀਂ ਚਾਹੁੰਦਾ। ਦਾਸ ਨੇ ਇਕ ਵਾਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਇਸ ਕਿਸਮ ਦੀ ਤੜਪ ਨੂੰ ਉਦੋਂ ਮਹਿਸੂਸ ਕੀਤਾ ਜਦੋਂ ਇਕ ਸਿੰਘ ਵਾਜੇ ਤੋਂ ਕੀਰਤਨ ਕਰ ਕੇ ਉਠਿਆ ਤੇ ਦੂਜਾ ਬੈਠਾ, ਅਤੇ ਉਸ ਨੂੰ ਸ਼ਬਦ ਸ਼ੁਰੂ ਕਰਨ ਵਿਚ ਵਾਜੇ ਦੀਆਂ ਸੁਰਾਂ ਮੇਲਣ ਵਿਚ ਜੋ ਚਸਾ-ਬਿੰਦ ਦਾ ਸਮਾਂ ਲਗਾ, ਪਿਛੇ ਬੈਠੇ ਭਾਈ ਸਾਹਿਬ ਝੱਟ ਬੋਲ ਉਠੇ, "ਸ਼ਬਦ ਸ਼ੁਰੂ ਕਰ, ਖਾਲ ਸੁਕਦੀ।"

ਖੇਤਾਂ ਨੂੰ ਪਾਣੀ ਦੇਣ ਵਾਲੇ ਜ਼ਿਮੀਦਾਰ ਖਾਲ ਸੁਕਣ ਦਾ ਮੁਹਾਵਰਾ ਚੰਗੀ ਤਰ੍ਹਾਂ ਸਮਝਦੇ ਹਨ। ਸੋ ਕੀਰਤਨ ਦੇ ਵਗਦੇ ਪ੍ਰਵਾਹ ਨੂੰ ਰੋਕਣ ਨਾਲ ਵੀਰ ਸੁਰਿੰਦਰ ਸਿੰਘ ਵਰਗੇ ਜਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਵਰਗੇ ਕੀਰਤਨ ਦੇ ਆਸ਼ਕਾਂ ਦੇ ਮਨ ਨੂੰ ਠੇਸ ਲਗ ਸਕਦੀ ਹੈ।

ਉਹ ਕਹਿੰਦੇ ਹੁੰਦੇ ਸਨ ਕਿ ਬਹੁਤ ਕਰਕੇ ਕੀਰਤਨੀ ਸਿੰਘ ਗੁਰ-ਚਰਨਾਂ ਨਾਲ ਜੁੜ ਕੇ ਕੀਰਤਨ ਨਹੀਂ ਕਰਦੇ।

ਮੈਂ ਜਦੋਂ ੧੯੭੮ ਵਿਚ ਪਟਿਆਲਾ ਦੇ ਗੁਰਮਤਿ ਕਾਲਜ ਵਿਖੇ ਪ੍ਰਿੰਸੀਪਲ ਦੇ ਅਹੁਦੇ ਤੇ ਲਗਾ ਤਾਂ ਆਪ ਮੇਰੇ ਪਾਸ ਆਏ। ਬਚਨ ਬਿਲਾਸ ਦੇ ਦੌਰਾਨ ਉਹਨਾਂ ਇਕ ਬੜੀ ਅਜੀਬ ਗੱਲ ਆਖੀ, "ਗੁਰਮਤਿ ਪੜ੍ਹਾਈ ਨਹੀਂ ਜਾ ਸਕਦੀ।" ਮੈਂ ਕਿਹਾ, "ਵੀਰ ਜੀ! ਇਸ ਕਾਲਜ ਦੇ ਖੋਲ੍ਹਣ ਦਾ ਮਨੋਰਥ ਹੀ ਗੁਰਮਤਿ ਪੜ੍ਹਾਉਣ ਦਾ ਹੈ, ਤੁਸੀਂ ਕਹਿੰਦੇ ਹੋ ਗੁਰਮਤਿ ਪੜ੍ਹਾਈ ਨਹੀਂ ਜਾ ਸਕਦੀ।" ਮੇਰੀ ਟਿਪਣੀ ਸੁਣ ਕੇ ਬੋਲੇ, "ਤੁਹਾਨੂੰ ਮੇਰੀ ਗੱਲ ਸਮਝ ਕਿਉਂ ਨਹੀਂ ਆ ਰਹੀ, ਗੁਰਮਤਿ ਪੜ੍ਹਨ ਪੜ੍ਹਾਉਣ ਦਾ ਵਿਸ਼ਾ ਨਹੀਂ।"

ਖ਼ੈਰ ਮੈਂ ਚੁਪ ਹੋ ਗਿਆ। ਮੈਨੂੰ ਵਿਸ਼ਵਾਸ ਸੀ ਕਿ ਵੀਰ ਜੀ ਨੇ ਜੋ ਰਮਜ਼ ਭਰੀ ਗੱਲ ਆਖੀ ਹੈ, ਉਸ ਵਿਚ ਜ਼ਰੂਰ ਸਚਾਈ ਹੈ, ਜਿਸ ਨੂੰ ਮੈਨੂੰ ਲਭਣਾ ਪਵੇਗਾ। ਮੇਰੀ ਚਾਰ ਸਾਲ ਦੀ ਉਥੇ ਨੌਕਰੀ ਦੇ ਦੌਰਾਨ ਮੈਨੂੰ ਅਨੁਭਵ ਹੋ ਗਿਆ ਕਿ ਗੁਰਮਤਿ ਬਾਰੇ ਗਿਆਨ ਪ੍ਰਾਪਤ ਕਰਨਾ ਜਾਂ ਵਿਦਵਾਨ ਬਣਨਾ ਹੋਰ ਚੀਜ਼ ਹੈ, ਪਰ ਗੁਰਮਤਿ ਅਨੁਸਾਰ ਜੀਵਨ ਜੀਉਣਾ ਬਿਲਕੁਲ ਹੋਰ ਖੇਡ ਹੈ। ਗੁਰਮਤੀ ਜੀਵਨ ਜੀਉਣ ਵਿਚ ਸਤਿਗੁਰੂ ਜੀ ਆਪੇ



www.AKJ.Org

(ਬਾਣੀ ਰਾਹੀਂ ਜਾਂ ਅੰਦਰੋਂ ਰੌਸ਼ਨੀ ਦੇ ਕੇ) ਸੇਧ ਬਖ਼ਸ਼ਸ਼ ਕਰਦੇ ਹਨ। ਗੁਰਮਤਿ ਜਾਂ ਗੁਰਸਿੱਖੀ ਦਾ ਸਿਖਣਾ ਇਕ ਅੰਤਰ-ਮੁਖੀ ਖੇਡ ਹੈ। ਗੁਰਮਤਿ ਕਾਲਜ ਜਾਂ ਹੋਰ ਕਈ ਪ੍ਰਕਾਰ ਦੇ ਗੁਰਮਤਿ ਦੀ ਪੜ੍ਹਾਈ ਦੇ ਅਦਾਰੇ ਬਾਹਰ-ਮੁਖੀ ਸਾਧਨ ਹਨ। ਸਤਿਗੁਰੂ ਤੋਂ ਬਿਨਾਂ ਗੁਰਮਤਿ ਕੌਣ ਪੜ੍ਹਾ ਸਕਦਾ ?

ਵੀਰ ਸੁਰਿੰਦਰ ਸਿੰਘ ਸਹਿਜ ਵਿਚ ਵਿਚਰਦੇ, ਸਹਿਜ ਵਿਚ ਕੀਰਤਨ ਕਰਦੇ। ਸੰਗਾਊ ਜਿਹੇ, ਜੋ ਨੁਮਾਇਸ਼ ਤੋਂ ਸਦਾ ਬਚਦੇ ਰਹੇ। ਸਰਦੇ ਪੁਜਦੇ ਪਰਿਵਾਰ ਨਾਲ ਸੰਬੰਧਤ ਹੁੰਦੇ ਹੋਏ ਭੀ ਪਹਿਰਾਵਾ ਅਤਿ ਦਾ ਸਦਾ ਧਾਰਨ ਕੀਤਾ ਹੋਇਆ ਸੀ। ਅਸੀਂ ਉਹਨਾਂ ਨੂੰ ਖੱਦਰ ਦੇ ਕੁਰਤੇ ਕਛਹਿਰੇ ਵਿਚ ਹੀ ਦੇਖਿਆ ਹੈ। ਕੋਈ ਘਰ ਨਹੀਂ ਬਣਾਇਆ, ਕੋਈ ਬੈਂਕ ਬੈਲੈਂਸ ਨਹੀਂ ਸੀ। ਅਤਿ ਗਰੀਬ ਹੋ ਕੇ ਇਸ ਗੱਲ ਦਾ ਤਜਰਬਾ ਭੀ ਕੀਤਾ, ਕੋਈ ਗਰੀਬ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਦਾ ਹੈ। ਪਰ ਧੰਨ ਗੁਰੂ, ਧੰਨ ਗੁਰੂ ਪਿਆਰੇ। ਜੱਥੇ ਦੇ ਸਿੰਘਾਂ ਨੇ ਭਾਈ ਸੁਰਿੰਦਰ ਸਿੰਘ ਜੀ ਨੂੰ ਅੰਤਮ ਸਮੇਂ ਤਕ ਨਿੱਘ ਅਤੇ ਪਿਆਰ ਦਿਤਾ। ੧੪ ਮਈ ੧੯੮੩ ਨੂੰ ਆਪ ਸੰਸਾਰ-ਯਾਤਰਾ ਪੂਰੀ ਕਰ ਕੇ ਗੁਰ-ਚਰਨਾਂ ਵਿਚ ਜਾ ਬਿਰਾਜੇ।

---

# "ਸਿਮਰੌ ਸ੍ਰੀ ਹਰਿ ਰਾਇ"

[ਪਾਂਧੀ ਨਨਕਾਣਵੀ, ਜੇ-8/122, ਰਜੌਰੀ ਗਾਰਡਨ, ਨਵੀਂ ਦਿੱਲੀ-2]

ਕਲੀਆਂ ਤੋਂ ਕੋਮਲ ਤੇ ਬਰਫ਼ਾਂ ਤੋਂ ਸੀਤਲ, ਹਿਰਦਾ ਸੀ ਹਰਿ ਰਾਇ ਸਤਵੇਂ ਗੁਰੂ ਦਾ।
ਚਿੰਤਨ ਚਿ ਹਰ ਪਲ, ਸੀ ਡੁੱਬਾ ਉਹ ਰਹਿੰਦਾ, ਜੁੜਾਂ ਤੇ ਸੀ ਐਪਰ ਨਾਂ ਵਾਹਿਗੁਰੂ ਦਾ।
ਲੱਟ ਲੱਟ ਸੀ ਜਿਯੋਤੀ, 'ਨਾਨਕ' ਦੀ ਬਲਦੀ, ਰੌਸ਼ਨ ਸੀ ਜਿਸ ਤੋਂ, ਸਾਰਾ ਹੀ ਪਸਾਰਾ।
ਸੇਵਾ ਤੇ ਸਿਮਰਨ ਦੇ, ਉਸ ਯੱਗ ਰਚਾਏ, ਫਿਰ ਵੀ ਅਖੁੱਟ ਹੈ ਸੀ ਉਸਦਾ ਭੰਡਾਰਾ।

ਮਹਿਰਮ ਸੀ ਤਨ ਮਨ ਦੇ, ਦੁੱਖਾਂ ਦਾ ਸਤਿਗੁਰ, ਸ਼ਫ਼ਾ-ਖ਼ਾਨਾ ਉਸਦਾ ਸੀ, ਜੱਗ ਤੋਂ ਨਿਆਰਾ।
'ਸ਼ਾਹੇ-ਜਹਾਂ' ਦੀ, ਤੱਕ ਤੱਕ ਤੜਫਣੀ, ਜੀਵਨ ਸੀ 'ਦਾਰੇ' ਨੂੰ ਦਿੱਤਾ ਦੁਬਾਰਾ।
ਪੰਛੀ ਪੰਖੇਰੂ ਵੀ ਸੁੱਖ ਚੈਨ ਪਾਂਦੇ, ਗਾਉਂਦੇ ਰਹੇ ਹਰ ਪਲ, ਉਹਦੇ ਤਰਾਨੇ।
ਸ਼ਾਹਾਂ ਫ਼ਕੀਰਾਂ ਚਿ ਅੰਤਰ ਨਾ ਰੱਖਿਆ, ਵੰਡੇ ਨਾਮ ਨਾਨਕ ਦੇ ਭਰ ਭਰ ਪੈਮਾਨੇ।

'ਮੀਰੀ ਤੇ ਪੀਰੀ' ਸੀ, ਵਿਰਸੇ ਚਿ ਘਿੱਧੀ, ਸ਼ਕਤੀ ਤੇ ਭਗਤੀ ਨੂੰ ਇਕ ਥਾਂ ਤੇ ਰੱਖਿਆ।
ਮਾਨਵ ਦੀ ਸੇਵਾ, ਹੈ ਪ੍ਰਸਤਿੱਸ਼ ਖ਼ੁਦਾ ਦੀ, ਨਿਰਪਖਸ਼ ਰਹਿਣਾ ਜ਼ਮਾਨੇ ਨੂੰ ਦੱਸਿਆ।
'ਨਾਨਕ' ਦੀ ਬਾਣੀ ਦਾ ਸਤਿਕਾਰ ਕਰਨਾ, ਸਤਵੇਂ ਗੁਰੂ ਨੇ ਹੈ, ਸਾਨੂੰ ਸਿਖਾਇਆ।
ਬਾਣੀ ਦੀ ਇਕ ਤੁੱਕ ਨੂੰ ਪਲਟਣ ਦੇ ਬਦਲੇ, ਉਮਰ-ਭਰ ਲਈ ਬੇਟੇ ਨੂੰ ਮੱਥੇ ਨਹੀਂ ਲਾਇਆ।

ਨੰਗੇ ਧੜੰਗੇ ਦੋ ਬੱਚਿਆਂ ਨੂੰ ਲੈ ਕੇ, ਜੋ ਭੁੱਖਾ 'ਕਾਲਾ', ਦਰ ਤੈਂਡੇ ਆਇਆ।
'ਰਾਜੇ ਬਣਨਗੇ, ਇਹ ਅੱਜ ਦੇ ਭਿਖਾਰੀ', ਮਿਹਰਾਂ ਦੇ ਸਾਈਂ ਨੇ ਮੁੱਖੋਂ ਅਲਾਇਆ।
ਸਤਿਗੁਰ ਦੀ ਬਾਣੀ, ਸਦਾ ਸੱਚ ਆਖੇ, ਕਿਹਾ ਜੋ ਵੀ ਸਤਿਗੁਰ, ਉਹ ਸੱਚ ਕਰ ਦਿਖਾਇਆ।
ਕੀੜੀ ਤਾਈਂ ਥਾਪੇ, ਉਹ ਸ਼ਹਿਨਸ਼ਾਹੀਆਂ, ਪਲਾਂ ਵਿਚ ਲਸ਼ਕਰ ਦਾ ਕਰ ਦਏ ਸਫ਼ਾਇਆ।

ਬਖ਼ਸ਼ੀ ਜੋ ਸਿੱਖੀ ਗੁਰਾਂ 'ਬਾਗਮੱਲ' ਨੂੰ, ਉਹਦੇ ਪੁੱਤ 'ਹਕੀਕਤ' ਨੇ ਏਦਾਂ ਸੰਭਾਲੀ।
ਸਿੱਖੀ ਦੀ ਖ਼ਾਤਰ, ਗਲਾ ਉਸ ਕਟਾ ਕੇ, ਸਿੱਖੀ ਬਰੂਟੇ ਨੂੰ ਚਾੜ੍ਹੀ ਏ ਲਾਲੀ।
'ਸਤਿਲੁਜ ਦੀ ਲਹਿਰੋ', ਧੰਨ ਧੰਨ ਤੁਸੀਂ ਓ, ਚਰਨ ਸਤਿਗੁਰੂ ਦੇ, ਜਿਨ੍ਹ ਅਨਿਕ ਵਾਰ ਚੁੰਮੇ।
ਮੁੱਕਤੀ ਨੂੰ 'ਪਾਂਧੀ', ਪ੍ਰਾਪਤ ਉਹ ਹੋਵੇ, ਜੋ ਸਿਮਰੇ ਗੁਰੂ, ਉਹਦਾ ਦਵਾਰ ਚੁੰਮੇ।



www.AKJ.Org

# ਸਿੱਖ ਵਿਦਿਅਕ ਦ੍ਰਿਸ਼ਟੀਕੋਣ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਣੀਆਂ ਐਸੀਆਂ ਹਨ ਜਿਥੋਂ ਸਿੱਖ ਵਿਦਿਅਕ ਦ੍ਰਿਸ਼ਟੀਕੋਣ ਦਾ ਪਤਾ ਲੱਗਦਾ ਹੈ। ਇਕ ਤਾਂ 'ਪੱਟੀ ਲਿਖੀ' ਦੀ ਬਾਣੀ ਹੈ, ਜੋ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੈ ਅਤੇ ਦੂਜੀ 'ਪੱਟੀ' ਹੈ, ਜੋ ਗੁਰੂ ਅਮਰਦਾਸ ਜੀ ਦੀ ਰਚੀ ਹੋਈ ਹੈ। ਮੇਰਾ ਵਿਸ਼ਵਾਸ ਹੈ ਕਿ ਜਦ ਤੱਕ ਗੁਰੂ ਪਾਤਸ਼ਾਹਾਂ ਦੇ ਪਾਏ ਪੂਰਨਿਆਂ 'ਤੇ ਵਿਦਿਆਰਥੀ ਨੂੰ ਲਿਖਣਾ ਨਹੀਂ ਸਿਖਾਇਆ ਜਾਏਗਾ, ਉਤਨਾ ਚਿਰ ਤੱਕ ਵਿਦਿਆਰਥੀ ਦਿਸ਼ਾਹੀਣ ਹੋ ਭਟਕਦਾ ਹੀ ਰਵ੍ਹੇਗਾ।

ਜਦ ਗੁਰੂ ਨਾਨਕ ਦੇਵ ਜੀ ਨੂੰ ਪਾਠਸ਼ਾਲਾ ਪੜ੍ਹਨ ਹਿਤ ਪਾਇਆ ਗਿਆ ਤਾਂ ਉਨ੍ਹਾਂ ਪਹਿਲਾਂ ਪ੍ਰਸ਼ਨ ਹੀ ਪਾਂਧੇ ਪਾਸ ਇਹ ਕੀਤਾ ਕਿ ਪਾਂਧੇ, ਤੂੰ ਕੁਝ ਪੜ੍ਹਿਆ ਹੈਂ ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ। ਠੀਕ ਕਹਿਆ ਸੀ ਬਾਬੇ ਨੇ ਕਿ ਉਸਤਾਦ ਬਗੈਰ ਜਾਣੇ ਹੀ ਪੜ੍ਹਾਈ ਜਾਂਦਾ ਹੈ ਕਿ ਉਸ ਦਾ ਸਿੱਟਾ ਕੀ ਨਿਕਲੇਗਾ। ਪਬਲਿਕ ਸਕੂਲ ਤਾਂ ਕਿਤਨੇ ਖੁਲ੍ਹ ਗਏ ਹਨ, ਪਰ ਅਜੇ ਤੱਕ ਬਹੁਤਿਆਂ ਨੂੰ ਮੋਂਟਸਰੀ ਤੇ ਕਿੰਟਰਗਾਰਟਨ ਪੜ੍ਹਾਈ ਦਾ ਫ਼ਰਕ ਹੀ ਨਹੀਂ ਪਤਾ। ਪੜ੍ਹਾਉਣ ਵਾਲਾ ਜਾਣਦਾ ਤੱਕ ਨਹੀਂ ਕਿ ਉਹ ਹੀ ਵਿਦਿਆਰਥੀ ਜੋ ਕਿਤਨਾ ਸ਼ੋਰ ਮਚਾਂਦਾ ਹੈ, ਮਚਲਦਾ ਹੈ, ਚੰਚਲ ਹੈ, ਆਪਣੇ ਆਪ ਚੁੱਪ ਕਿਉਂ ਹੁੰਦਾ ਹੈ। ਸਿਰਫ਼ ਇਤਨਾ ਤਕਿਆ ਸੀ, ਮਾਰਯਾ ਮੋਂਟਸਰੀ ਨੇ, ਤਾਂ ਨਵੀਂ ਲੀਹ ਦਾ ਪੜ੍ਹਾਈ ਦਾ ਜਨਮ ਹੋ ਗਿਆ। ਇਹ ਉਸੇ ਦਾ ਕਹਿਣਾ ਹੈ ਕਿ ਜਨਮ ਤੋਂ ਛੇ ਸਾਲ ਤੱਕ ਹੀ ਬੱਚੇ ਲਈ ਮਹੱਤਵਪੂਰਨ ਹੈ। ਚੇਤਨ ਨੂੰ ਇਨ੍ਹਾਂ ਹੀ ਸਾਲਾਂ ਵਿਚ ਜਗਾਇਆ ਜਾਂਦਾ ਹੈ। ਉਥੇ ਹੀ ਗੁਰੂ ਨਾਨਕ ਜੀ ਨੇ ਇਕ ਹੋਰ ਬਚਨ ਕੀਤਾ ਸੀ ਕਿ ਉਸ ਵਿਦਿਆ ਦਾ ਕੀ ਪੜ੍ਹਿਆ ਜੇ ਮਾਇਆ ਦਾ ਜੰਜਾਲ ਹੀ ਨਹੀਂ ਟੁੱਟਾ। ਜਿਸ ਪੜ੍ਹਾਈ ਪਿਛੋਂ ਵਿਕਾਰ ਹੀ ਫੈਲਣੇ ਹਨ ਤਾਂ ਉਸ ਪੜ੍ਹਾਈ ਦਾ ਕੀ ਲਾਭ।

ਜ਼ਰਾ ਧਿਆਨ ਤਾਂ ਮਾਰੋ। ਸਾਡੀ ਪੜ੍ਹਾਈ ਵਿਹਲੜ, ਆਲਸੀ, ਕੰਮ-ਚੋਰ, ਮਾਇਆ ਇਕੱਠੀ ਕਰਨ ਲਈ ਤਰਲਿਆਂ ਵਾਲੇ ਪੁਰਸ਼ ਪੈਦਾ ਕਰ ਰਹੀ ਹੈ। ਮਹਾਰਾਜ ਦਾ ਕਹਿਣਾ ਸੀ ਕਿ ਪੜ੍ਹਾਈ ਤਾਂ ਐਸੀ ਹੋਣੀ ਚਾਹੀਦੀ ਹੈ ਜੋ ਪਕੜ ਗਵਾਏ, ਮੋਹ ਤੋੜੇ, ਸਾਧਨਾ ਲਈ ਪ੍ਰੇਰੇ, ਅੰਦਰਲਾ ਉਤਸ਼ਾਹ ਜਗਾਏ, ਚਾਅ ਪੈਦਾ ਕਰੇ, ਐਸੀ ਹਿਰਦੇ 'ਤੇ ਛਾਪ ਲਗਾ ਜਾਏ ਕਿ ਉਸ ਨੂੰ ਮਿਟਾ ਨਾ ਸਕੇ। ਪਰਮੇਸ਼ਰ ਵਿਸਰਨ ਨਾ ਦੇਵੇ। ਇਹ ਯਕੀਨੀ ਹੈ ਕਿ ਸਭ ਉਥੱਲ-ਪੁਥੱਲ, ਮਾਰ ਧਾੜ, ਖੋਹਾ ਖਾਹੀ ਸਿਰਫ਼ ਇਸੇ ਲਈ ਹੋ ਰਹੀ ਹੈ ਕਿ ਵਿਚੋਂ ਵਾਹਿਗੁਰੂ ਨਿਕਲ ਗਿਆ ਹੈ। ਇਹ ਜਾਣ ਲੈਣਾ ਚਾਹੀਦਾ ਹੈ ਕਿ ਵਿਦਿਆਰਥੀ ਜੋ ਸਾੜ ਫੂਕ ਕਰਦਾ ਹੈ, ਇਸ ਵਿਚੋਂ ਉਸ ਦਾ ਅਸੰਤੋਸ਼ ਹੀ ਪ੍ਰਗਟ ਹੋ ਰਿਹਾ ਹੈ। ਅਸੰਤੁਸ਼ਟਤਾ ਮਹਿਸੂਸ ਕਰਦੇ ਹੀ ਉਹ ਅੰਦਰ ਦੀ ਟੇਕ ਨਾਲੋਂ ਬਾਹਰੋਂ ਆਸਰੇ ਢੂੰਡਦਾ ਹੈ। ਵਿਦਿਆਰਥੀਆਂ ਵਿਚ ਨਸ਼ਾ, ਸ਼ਰਾਬ ਮਾਰ ਜੁਆਨਾ ਮਾਰਥੇਡੀਨ ਐਲ. ਐਸ. ਡੀ. ਤੇ ਸਿਗਰਟ ਦੀ ਨਿਤ ਵਰਤੋਂ ਦਾ ਕਾਰਨ ਵਾਹਿਗੁਰੂ ਦਾ ਭੁਲਣਾ ਹੈ। ਉਸ ਨੂੰ ਭੁਲ ਹੀ ਗਿਆ ਹੈ ਕਿ ਵਾਹਿਗੁਰੂ ਦੀ ਹਜੂਰੀ (ਨਾਮ) ਵੀ ਉਤਨੀ ਜ਼ਰੂਰੀ ਹੈ ਜਿਤਨੀ ਜਮਾਤ ਵਿਚ ਹਾਜ਼ਰੀ।

ਗੁਰੂ ਨਾਨਕ ਦੇਵ ਜੀ ਨੇ 'ਪਟੀ ਲਿਖੀ' ਦੀ ਰਹਾਉ ਦੀ ਤੁਕ ਵਿਚ ਬੜੀ ਕਰੜੀ ਚੇਤਾਵਨੀ ਦਿੱਤੀ ਹੈ ਕਿ ਹੇ ਮੂਰਖ, ਜੀਵਨ-ਰਾਹ ਤੋਂ ਖੁੰਝ, ਕਿਉਂ ਲਾਂਭੇ ਜਾ ਰਿਹਾ ਏਂ? ਤਦੋਂ ਹੀ ਤੂੰ ਪੜ੍ਹਿਆ ਹੋਇਆ ਤੇ ਵਿਦਵਾਨ ਸਮਝਿਆ ਜਾਏਂਗਾ ਜਦੋਂ ਸੁਰਖ਼ਰੂ ਹੋ ਕੇ ਜਗਤ ਵਿਚ ਵਿਚਰਨ ਦੀ ਜਾਚ ਤੈਨੂੰ ਆ ਗਈ।

ਮਨ ਕਾਹੇ ਭੂਲੇ ਮੂੜ ਮਨਾ ॥
ਜਬ ਲੇਖਾ ਦੇਵਹਿ ਬੀਰਾ ਤਉ ਪੜ੍ਹਿਆ ॥੧॥ਰਹਾਉ॥ (ਪੰਨਾ ੪੩੨)

'ਪਟੀ ਲਿਖੀ' ਦੀ ਪਹਿਲੀ ਤੁਕ ਆਪ ਜੀ ਨੇ ਲਿਖਦੇ ਕਿਹਾ ਕਿ ਚਾਰ ਵਿਦਿਆ ਜ਼ਰੂਰੀ ਹਨ। ਪਹਿਲਾਂ



www.AKJ.Org

ਪ੍ਰਭੂ ਬਾਰੇ ਜਾਨਣਾ, ਫਿਰ ਉਸ ਦੀ ਸਿਰਜੀ ਸ੍ਰਿਸ਼ਟੀ ਬਾਰੇ ਜਾਨਣਾ, ਫਿਰ ਆਪੇ ਬਾਰੇ ਜਾਨਣਾ ਅਤੇ ਸਭ ਤੋਂ ਉੱਤੇ ਜਗਤ ਵਿਚ ਵਿਚਰਦੇ ਪਰ-ਹਿਤ ਲਈ ਹਰ ਪ੍ਰਕਾਰ ਦੀ ਕਮਾਈ ਵਰਤਣੀ ਅਤੇ ਐਸਾ ਕਰਦੇ 'ਹਉਂ' ਦਾ ਦਾਅ ਨਾ ਪੈਣ ਦੇਣਾ। ਨਿਮਰਤਾ ਰੱਖਣੀ।

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ, ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ, ਆਇਆ ਤਿਨ੍ ਕਾ ਸਫਲ ਭਇਆ ॥੧॥ (ਪੰਨਾ ੪੩੨)

ਵਿਕਾਰ ਤੇ ਭਟਕਣਾ ਉਸ ਵੇਲੇ ਹੀ ਪੈਦਾ ਹੁੰਦੀ ਹੈ ਜਦ ਇਨਸਾਨ ਨਾ-ਸਮਝੀ ਵਿਚ ਇਹ ਸਮਝਣ ਲੱਗ ਪੈਂਦਾ ਹੈ ਕਿ ਵਾਹਿਗੁਰੂ ਤੋਂ ਬਿਨਾਂ ਵੀ ਕੋਈ ਰਿਜ਼ਕ ਦੇਣ ਵਾਲਾ ਹੈ। ਜੇ ਕੋਈ ਇਹ ਜਾਣ ਲਵੇ ਕਿ ਰਾਜ਼ਕ ਕੇਵਲ ਉਹ ਹੀ ਹੈ ਤਾਂ ਵਿਕਾਰ ਪਹੁ ਹੀ ਨਹੀਂ ਸਕਦੇ। 'ਤਿਸ ਸਿਰ ਲੇਖ ਨ ਹੋਈ' ਗੁਰੂ ਨਾਨਕ ਜੀ ਦਾ ਫ਼ੁਰਮਾਨ ਹੈ। ਸਾਰੀ ਉਮਰ ਢੂੰਡਾਊ ਰਹਿਣਾ ਹੀ ਪੜ੍ਹਾਈ ਦਾ ਭਾਵ ਹੈ।

ਐਸਾ ਫਿਰ ਸੁਆਰਥੀ ਨਹੀਂ ਹੋਵੇਗਾ। ਸਾਰੀ ਵਿਦਿਆ ਦਾ ਦੋਸ਼ ਹੈ ਕਿ ਪੜ੍ਹਦੇ ਪੜ੍ਹਦੇ ਵਿਦਿਆਰਥੀ ਦੇ ਮਨ ਦੀ ਕਿਸੇ ਨੁਕਰੇ ਇਹ ਪਾ ਦਿੱਤਾ ਜਾਂਦਾ ਹੈ ਕਿ ਇਹ ਪੜ੍ਹਾਈ ਨਿਰੋਲ ਇਸ ਲਈ ਕੀਤੀ ਜਾ ਰਹੀ ਹੈ ਕਿ ਮਾਇਆ ਇਕੱਠੀ ਕਰੇ। ਜਦ ਸਕੂਲ ਕਾਲਜ ਦੀ ਪੜ੍ਹਾਈ ਪੂਰੀ ਕਰਨ ਬਾਅਦ ਉਸਨੂੰ ਡਿਗਰੀ ਹੱਥ ਲੈ ਭਟਕਣਾ ਪੈਂਦਾ ਹੈ ਤਾਂ ਫਿਰ ਉਹ ਸਬਰ ਗਵਾ ਬੈਠਦਾ ਹੈ। ਅੱਖੜ ਹੋ ਜਾਂਦਾ ਹੈ। ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਨਿਮਰਤਾ ਗਵਾ ਬੈਠਦਾ ਹੈ। ਨਿਮਰਤਾ ਨਾ ਹੋਣ ਕਾਰਨ ਕੌੜਾ ਬੋਲਦਾ ਹੈ। ਸਤਿਕਾਰ ਦੀ ਦੀਵਾਰ ਤੋੜ ਦਿੰਦਾ ਹੈ। ਨਾ ਮਾਪਿਆਂ ਦਾ ਆਦਰ ਤੇ ਨਾ ਸਮਾਜ ਦਾ, ਨਾ ਧਰਮ ਦਾ ਧਾਰਨੀ ਤੇ ਨਾ ਮਰਯਾਦਾ ਦਾ ਪਾਲਣਹਾਰਾ ਰਹਿੰਦਾ ਹੈ।

ਗੁਰੂ ਜੀ ਦੀ 'ਪਟੀ ਲਿਖੀ' ਦੀਆਂ ਇਹ ਤੁਕਾਂ ਤਾਂ ਹਰ ਸਕੂਲ ਕਾਲਜ ਦੇ ਬਾਹਰ ਲਿਖ ਕੇ ਲਟਕਾ ਦੇਣੀਆਂ ਚਾਹੀਦੀਆਂ ਹਨ ਤੇ ਪੂਰਨ ਕੋਸ਼ਿਸ਼ ਕਰਕੇ ਵੀ ਵਿਦਿਆਰਥੀ ਦੇ ਹਿਰਦੇ ਤੇ ਉਕਰ ਦੇਣੀਆਂ ਚਾਹੀਦੀਆਂ ਹਨ ਕਿ ਕਿਉਂ ਕਿਸੇ ਨੂੰ ਦੋਸ਼ ਦਿੰਦਾ। ਦੋਸ਼ ਕਿਧਰੇ ਤੇਰੀ ਘਾਲਣਾ ਵਿਚ ਰਿਹਾ ਹੈ।

ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ, ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥੨੧॥ (੪੩੩)

ਗੁਰੂ ਨਾਨਕ ਸਾਹਿਬ ਨੇ ਸਾਨੂੰ ਸਮਝਾਇਆ ਕਿ ਇਹ ਸੋਝੀ ਤੇ ਸਮਝ ਦੇਣ ਤੋਂ ਅਸੀਂ ਅਸਮਰਥ ਰਹੇ ਕਿ ਕਦੀ ਤਕਿਆ ਹੈ ਕਿ ਸਭ ਨਬਾਤਾਤ ਵਿਚ ਅੱਗ ਹੈ, ਪਰ ਉਸ ਨੇ ਕਦੇ ਬ੍ਰਿਛ ਬੂਟੇ ਨੂੰ ਸਾੜਿਆ ਨਹੀਂ। ਸਗੋਂ ਉਸ ਅਗਨੀ ਕਰਕੇ ਹਰ ਚੀਜ਼ ਖਿੜੀ। ਧਰਤੀ ਨੂੰ ਪਾਣੀ ਨੇ ਘੇਰਿਆ ਹੋਇਆ ਹੈ, ਪਰ ਰੋੜ੍ਹ ਕਿਧਰੇ ਲੈ ਨਹੀਂ ਗਿਆ। ਇੰਜ ਲਗਦਾ ਹੈ ਕਿ ਜਿਵੇਂ ਕਿਸੇ ਪੰਡ ਬੰਨ੍ਹ ਰੱਖਿਆ ਹੋਵੇ। ਇਕ ਥਾਵੇਂ ਗਗਨ ਵਿਚ ਸੂਰਜ ਚੰਦ ਹਨ, ਪਰ ਚੰਦ ਨੇ ਆਪਣੀ ਸ਼ੀਤਲਤਾ ਨਹੀਂ ਤਜੀ ਤੇ ਸੂਰਜ ਨੇ ਰੌਸ਼ਨੀ ਤੇ ਨਿੱਘ ਦੇਣਾ ਨਹੀਂ ਛੱਡਿਆ। ਜੇ ਤੈਨੂੰ ਆਪਣਾ ਕੀਤਾ ਸਾੜਾ, ਅੱਗ, ਕ੍ਰੋਧ, ਲੋਭ, ਮੋਹ ਨੂੰ ਕਾਬੂ ਕਰਨ ਦੀ ਜਾਚ ਆ ਜਾਏ, ਮਿਤ ਵਿਚ ਰਹਿਣ ਦਾ ਵੱਲ ਆ ਜਾਏ, ਹਰ ਸ਼ੈਅ ਨੂੰ ਆਪਣੀ ਥਾਂ ਰੱਖਣ ਦੀ ਜਾਚ ਆ ਜਾਏ ਤਾਂ ਦੇਖੇਂਗਾ ਕਿ ਜੀਵਨ ਕਿਤਨਾ ਸੋਹਣਾ ਗੁਜ਼ਰਦਾ ਹੈ।

ਭੀਤਰਿ ਅਗਨਿ, ਬਨਾਸਪਤਿ ਮਉਲੀ, ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥੧੧॥ (੧੧੭੧)

ਆਸਾ ਰਾਗ ਦੇ ਇਕ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਨੇ ਵਿਦਿਆ ਦਾ ਮੰਤਵ ਦਰਸਾਉਂਦਿਆਂ ਕਿਹਾ ਸੀ ਕਿ ਮਨ ਟਿਕ ਜਾਏ ਤ੍ਾਂ ਸਮਝੋ ਕਿ ਮਿਠੀ ਧੁੰਨ ਉਠ ਖਲੋਤੀ।

ਜੇ ਕਾਮ ਕ੍ਰੋਧ 'ਤੇ ਕਾਬੂ ਪਾ ਲਿਆ ਤਾਂ ਤੀਰਥਾਂ ਵਾਲੀ ਪਵਿੱਤਰਤਾ ਮਿਲ ਗਈ। ਜੇ ਦਇਆ ਵਾਲੀ ਰੁਚੀ ਸਰੀਰ ਨੇ ਅਪਣਾਅ ਲਈ ਤਾਂ ਦੇਗੰਬਰਾਂ ਵਾਲੀ ਬੇਪ੍ਰਵਾਹੀ ਪਾ ਲਈ। ਜੇ ਇਹ ਪਤਾ ਲੱਗ ਗਿਆ ਕਿ ਮੈਂ-



www.AKJ.Org

ਨਹੀਂ ਰਹਿਣਾ, ਫਿਰ ਦੂਜੇ ਨੂੰ ਆਪਣੀ ਖੁਸ਼ੀ ਦੀ ਪੂਰਤੀ ਲਈ ਨੁਕਸਾਨ ਨਹੀਂ ਪਹੁੰਚਾਏਗਾ। ਜਿਸ ਖ਼ਾਹਿਸ਼ਾਂ 'ਤੇ ਕਾਬੂ ਪਾ ਲਿਆ, ਉਸ ਦਾ ਸਵਾਦ ਕਦੇ ਗਵਾਚਣ ਨਹੀਂ ਲੱਗਾ। ਬਸ, ਉਸ ਨੂੰ ਜਾਣੋ ਵਿਦਿਆ ਵਿਚਾਰੀ-ਵਿਦਵਾਨ, ਜੋ ਪਰਉਪਕਾਰੀ ਦਾ ਸਾਧਨ ਬਣੇ।

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥
ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ਰਹਾਉ॥
ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥
ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥੨੫॥(੩੫੬)

ਬਸ ਇਹ ਹੈ ਸਿੱਖ ਵਿਦਿਅਕ ਦ੍ਰਿਸ਼ਟੀਕੋਣ। [ਰੋਜ਼ਾਨਾ ਅਜੀਤ, ਜਲੰਧਰ ੧੦-੫-੯੨

---

# ਜੀਉਣਾ

[ਡਾ: ਹਰਦਿਆਲ ਸਿੰਘ ਜੀ, ਖ਼ਾਲਸਾ ਸਕੂਲ, ਵੈਨਕੂਵਰ ਕੈਨੇਡਾ]

ਜੀਉਣਾ ਇਕ ਜੀਵਨ-ਜਾਚ ਹੈ, ਜਾਚ ਤੇ ਸਿੱਖੀ ਜਾਂਦੀ ਏ।
ਦੇਖ ਸੁਣ, ਵੀਚਾਰ ਕੇ ਮੰਨਣਾ, ਕਰਣਾ ਸਿੱਖੀ ਸਿਖਾਉਂਦੀ ਏ।
ਗੁਰ ਦੇਖਣਾ ਗੁਰਬਾਣੀ ਦਰਸ਼ਨ, ਗੁਰਬਾਣੀ ਕਹੇ ਤੇ ਸਿਖ ਸੁਣੇ।
ਵੀਚਾਰ ਕੇ ਮੰਨਣਾ ਕਰਣਾ ਸਹਜੇ, ਸਹਜ ਸੁਭਾਉ ਗੁਰਸਿਖ ਬਣੇ।
ਨਹੀਂ ਤਾਂ, ਸਾਹ ਲੈਂਦੇ ਸਭ ਹਸਣ ਖੇਡਣ, ਕੀ ਗੁਰਸਿਖ ਕਹਿਲਾਵਣਗੇ ?
ਇਹ ਸਭ ਕੁਝ ਤਾਂ ਪਸ਼ੂ ਵੀ ਕਰਦੇ, ਕੀ ਗੁਰਸਿਖ ਕਹਿਲਾਵਣਗੇ ?
'ਸਿਖੀ ਸਿਖਿਆ ਗੁਰ ਵੀਚਾਰ, ਨਦਰੀ ਕਰਮਿ ਲੰਘਾਏ ਪਾਰਿ'* ।
ਇਸ ਬਿਨ ਕਾ ਫੋਜੀਵਨ ਬਿਰਥਾ, ਖਾਣ ਗੋਤੇ ਡੁਬਣਾ ਮੰਝਧਾਰ।
ਪੜ੍ਹਨਾ ਗੁੜ੍ਹਨਾ ਸੰਸਾਰੀ ਧੰਧੇ, ਪਿਟ ਮਰਨਾ ਕੋਈ ਜੀਵਣ ਹੈ ?
ਸਫਲ ਜੀਵਨਾ ਗੁਰ ਕਹੇ ਸੁ ਕਰਨਾ, ਬੰਦਗੀ ਅੰਮ੍ਰਿਤ ਪੀਵਣ ਹੈ।
ਅੰਮ੍ਰਿਤ ਪੀਵਣ ਇਕ ਬੰਦੀ ਹੈ, ਇਕ ਜਾਚ ਹੈ, ਇਕ ਜੀਵਣ ਹੈ।
ਗੁਰ ਜੀਵਣ ਇਕ ਗੁਰਸਿਖ ਜੀਵਣ, ਸਫਲ ਦਰਸ਼ਨ ਸਿਖ ਜੀਵਣ ਹੈ।
ਚੰਗੇ ਮੰਦੇ ਕਰਮਾਂ ਦੀ ਔਸਤ ਬੰਦੇ ਪਤ ਕਹਾਉਂਦੀ ਹੈ।
ਸਫਲਾ ਜੀਵਨ ਜੇ ਪਤ ਲੇਖੇ, ਜਿੰਦ ਪਤ ਬਿਨ ਪਾਰ ਨ ਪਾਉਂਦੀ ਹੈ।
ਪਤ ਪਰਵਾਨ ਜੀਵਨ ਪਰਵਾਨ, ਇਹ ਹੀ ਜੀਵਨ ਮੁਕਤ ਹੈ।
ਅੰਮ੍ਰਿਤ ਛਕ ਅਭਿਆਸ ਗੁਰ-ਮੰਤਰ, ਸਚੀ ਜੀਵਨ-ਜੁਗਤ ਹੈ।
ਜੋ ਸਭ ਵਿਚ ਜੋਤਿ ਜਪੇ ਤਿਸ ਜੋਤੀ, ਜੋਤੀ ਜੋਤਿ ਸਮਾ ਜਾਵੇ।
ਪੂਰੇ ਗੁਰ ਦੀ ਸਿਖਿਆ ਇਹੋ, ਗੁਰਸਿਖ ਕਮਾ ਜਾਵੇ।
ਜੰਮਣ ਮਰਣ ਦੇ ਗੇੜ ਤੋਂ ਛੁਟਣਾ, ਗੁਰਸਿਖੀ ਦਾ ਟੀਚਾ ਹੈ।
ਆਪਾ ਮਾਰ ਕੇ ਮਰਨਾ ਸਿੱਖਣਾ, ਗੁਰਸਿੱਖੀ ਦਾ ਟੀਚਾ ਹੈ।
ਜੀਉਣਾ ਇਕ ਜੀਵਨ-ਜਾਚ ਹੈ, ਜਾਚ ਤੇ ਸਿੱਖੀ ਜਾਂਦੀ ਏ।
ਦੇਖ ਸੁਣ ਵੀਚਾਰ ਕੇ ਮੰਨਣਾ, ਕਰਣਾ ਸਿੱਖੀ ਸਿਖਾਉਂਦੀ ਏ।

* ਆਸਾ ਦੀ ਵਾਰ, ਪਉੜੀ ੫, ਸਲੋਕ ਦੂਜਾ



www.AKJ.Org

# ਗੁਰਬਾਣੀ ਉਚਾਰਣ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਤਮਿਕ ਗਿਆਨ ਦਾ ਅਮੁਲ ਭੰਡਾਰ ਹਨ। ਇਸ ਰੱਬੀ-ਗਿਆਨ ਦਾ ਆਵੇਸ਼, ਸਤਿਗੁਰਾਂ ਅਤੇ ਦਿਵ-ਬਿਰਤੀ ਵਾਲੇ ਭਗਤ-ਜਨਾਂ ਦੇ ਨਿਰਮਲ ਹਿਰਦਿਆਂ ਵਿਚ, ਪਰਮ-ਸਤਿ ਨਾਲ ਅੰਤਰ-ਆਤਮੇ ਇਕ-ਸੁਰ ਹੋਣ ਸਮੇਂ ਹੋਇਆ। ਇਹ ਗੁਰੂ-ਗਿਆਨ ਫਿਰ ਉਹਨਾਂ ਦੀ ਪਾਵਨ ਰਸਨਾ ਤੋਂ ਗੁਰਬਾਣੀ ਦੇ ਰੂਪ ਵਿਚ ਸਾਕਾਰ ਹੋਇਆ। ਸਤਿਗੁਰਾਂ ਅਤੇ ਭਗਤ-ਜਨਾਂ ਦੀ ਪਾਵਨ ਬਾਣੀ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ 'ਪੋਥੀ ਸਾਹਿਬ' ਦੇ ਰੂਪ ਵਿਚ ਸੰਮਤ ੧੬੬੧ ਬਿ: ਵਿਚ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਉਸ ਸਮੇਂ ਦੀ ਲੋਕ-ਭਾਸ਼ਾ ਵਿਚ ਹੈ। ਗੁਰੂ ਪਾਤਸ਼ਾਹ ਬੇਸ਼ਕ ਪੰਜਾਬ ਦੇ ਜੰਮ-ਪਲ ਸਨ, ਪਰ ਰੱਬੀ ਗਿਆਨ ਦੇ ਪ੍ਰਗਟਾਅ ਲਈ ਉਹਨਾਂ ਵਲੋਂ ਉਸ ਸਮੇਂ ਧਾਰਮਕ ਖੇਤਰ ਵਿਚ ਵਰਤੀਂਦੀ ਸਾਧ-ਭਾਸ਼ਾ ਦਾ ਪ੍ਰਯੋਗ ਕੀਤਾ ਗਿਆ, ਜੋ ਭਾਰਤ ਦੀਆਂ ਵਖ ਵਖ ਭਾਸ਼ਾਵਾਂ ਦਾ ਸ੍ਰੇਸ਼ਟ ਮਿਸ਼ਰਨ ਸੀ। ਗੁਰਬਾਣੀ ਵਿਚ ਵਰਤੀ ਗਈ ਸਾਧ-ਭਾਸ਼ਾ ਉਤੇ ਪੰਜਾਬੀ ਦਾ ਰੰਗ ਗੂੜ੍ਹਾ ਅਤੇ ਸਪੱਸ਼ਟ ਨਜ਼ਰੀ ਪੈਂਦਾ ਹੈ। ਸਮੁੱਚੇ ਤੌਰ ਤੇ ਗੁਰਬਾਣੀ ਦੀ ਭਾਸ਼ਾ ਵਿਚੋਂ ਕਈ ਭਾਸ਼ਾਵਾਂ [ਬ੍ਰਿਜ, ਹਿੰਦਵੀ, ਭਟ-ਭਾਸ਼ਾ, ਸਹਸਕ੍ਰਿਤੀ, ਗਾਥਾ, ਫ਼ਾਰਸੀ (ਰੇਖਤਾ), ਪੰਜਾਬੀ ਅਥਵਾ ਇਸ ਦੀਆਂ ਵਖ ਵਖ ਉਪ-ਭਾਖਾਂ—ਲਹਿੰਦੀ, ਡੋਗਰੀ, ਪੋਠੋਹਾਰੀ, ਆਦਿ] ਦੀ ਵੰਨਗੀ ਉਪਲਭਦ ਹੈ। ਭਗਤ-ਬਾਣੀ ਵਿਚ ਦੇਵੀ-ਭਗਤਾਂ ਦੀਆਂ ਪ੍ਰਾਂਤਕ ਭਾਸ਼ਾਵਾਂ—ਬ੍ਰਿਜ, ਮਾਰਵਾੜੀ, ਗੁਜਰਾਤੀ, ਬੰਗਲਾ, ਮਰਾਠੀ ਆਦਿ ਦੇ ਸ਼ਬਦ ਵੀ ਬੇਅੰਤ ਹਨ।

ਗੁਰਬਾਣੀ ਦੀ ਭਾਸ਼ਾ ਪੰਜ ਸੌ ਸਾਲ ਤੋਂ ਲੈ ਕੇ ਅਠ ਸੌ ਸਾਲ ਤਕ ਪੁਰਾਣੀ ਹੈ। ਗੁਰਬਾਣੀ ਭਾਵੇਂ ਗੁਰਮੁਖੀ ਲਿੱਪੀ ਵਿਚ ਲਿਖੀ ਹੋਈ ਹੈ, ਪਰ ਇਸ ਦੀ ਲਿਖਣ-ਸ਼ੈਲੀ ਤਕਰੀਬਨ ਚਾਰ ਸੌ ਸਾਲ ਪੁਰਾਣੀ ਹੈ, ਜਿਸ ਉਤੇ ਦੇਵਨਾਗਰੀ ਦੀ ਲਿਖਣ-ਸ਼ੈਲੀ ਦਾ ਪ੍ਰਭਾਵ ਸਪੱਸ਼ਟ ਦਿਸਦਾ ਹੈ। ਗੁਰਬਾਣੀ ਦੀ ਲਿਖਤ ਵਿਚ 'ਯ' ਅਤੇ 'ਵ' ਦੀ ਸੂਰੀ ਵਰਤੋਂ ਅਤੇ ਦੂਹਰੀ ਤੀਹਰੀ ਧੁਨੀ ਵਾਲੇ ਸੁਰਾਂ ਦੀ ਵਰਤੋਂ ਬੇਅੰਤ ਥਾਈਂ ਮਿਲਦੀ ਹੈ, ਪਰ ਅਜਿਹੀ ਵਰਤੋਂ ਅਜੋਕੀ ਪੰਜਾਬੀ ਲਿਖਤ ਵਿਚ ਲਗਪਗ ਬੰਦ ਹੋ ਚੁਕੀ ਹੈ।

ਸਕੂਲੀ ਵਿਦਿਆ ਦੀ ਪ੍ਰਾਪਤੀ ਨਾਲ ਅਜੋਕੀ ਲਿਖਤ ਨੂੰ ਪੜ੍ਹ ਸਕਣ ਦੀ ਸਮਰੱਥਾ ਤਾਂ ਅਵੱਸ਼ ਆ ਜਾਂਦੀ ਹੈ। ਪਰ ਗੁਰਬਾਣੀ ਦੀ ਪੁਰਾਤਨ ਭਾਸ਼ਾ, ਜੋ ਪੁਰਾਤਨ ਲਿਖਣ-ਸ਼ੈਲੀ ਅਨੁਸਾਰ ਅਤੇ ਖ਼ਾਸ ਕਰਕੇ ਲੜੀਦਾਰ ਰੂਪ ਵਿਚ ਲਿਖੀ ਹੋਈ ਹੈ, ਇਸ ਨੂੰ ਕੇਵਲ ਸਕੂਲੀ ਵਿਦਿਆ ਦੇ ਬਲ-ਬੋਤੇ ਸ਼ੁੱਧ ਰੂਪ ਵਿਚ ਪੜ੍ਹ ਸਕਣਾ ਸੰਭਵ ਨਹੀਂ। ਇਸ ਲਈ ਤਾਂ ਗੁਰਬਾਣੀ ਦੇ ਸੁਸਿਖਿਅਤ ਪਾਠੀ ਸਿੰਘ ਪਾਸੋਂ ਸੰਥਿਆ ਲੈਣੀ ਲੋੜੀਦੀ ਹੈ।

ਪਿਛਲੇ ਸਮੇਂ ਵਿਚ ਪ੍ਰਚਲਤ ਪ੍ਰਥਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਗਣ ਤੋਂ ਪਹਿਲਾਂ ਪੰਜ ਗ੍ਰੰਥੀ, ਦਸ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ ਆਦਿ ਬਾਣੀਆਂ ਦੇ ਪਾਠ ਦੀ ਸੰਥਿਆ ਸੁਸਿਖਿਅਤ ਪਾਠੀ ਸਿੰਘਾਂ ਤੋਂ ਲਈ ਜਾਂਦੀ ਸੀ ਤੇ ਇਸ ਤੋਂ ਮਗਰੋਂ ਪਾਠ ਸਰਲ ਕਰਨ ਦਾ ਕਾਫ਼ੀ ਅਭਿਆਸ ਕੀਤਾ ਜਾਂਦਾ ਸੀ। ਸਮੇਂ ਦੇ ਗੇੜ ਨਾਲ ਜਾਂ ਤਾਂ ਸੁਸਿਖਿਅਤ ਪਾਠੀ ਸਿੰਘ ਮਿਲਣੇ ਦੁਰਲਭ ਹੋ ਗਏ ਹਨ, ਜਾਂ ਫਿਰ ਸਿਖ ਜਗਿਆਸੂਆਂ ਪਾਸ ਪਾਠ ਦੀ ਸੰਥਿਆ ਲਾਉਣ ਦੀ ਵਿਹਲ ਅਥਵਾ ਲਗਨ ਹੀ ਨਹੀਂ ਰਹੀ। ਬਹੁਤੇ ਪ੍ਰੇਮੀ ਸੰਥਿਆ ਲਏ ਬਗੈਰ ਹੀ ਪਾਠ ਕਰਨਾ ਅਰੰਭ ਕਰ ਦੇਂਦੇ ਹਨ। ਗੁਰਬਾਣੀ ਦੇ ਸ਼ੁੱਧ ਪਾਠ ਕਰਨ ਦੀ ਸਮਰੱਥਾ ਲਈ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਤਾਂ ਸਾਰਿਆਂ ਵਲੋਂ ਕੀਤੀ ਜਾਂਦੀ ਹੈ, ਪਰ ਇਸ ਲਈ ਲੋੜੀਂਦਾ ਉਪਰਾਲਾ ਵਿਰਲੇ ਹੀ ਕਰਦੇ ਹਨ।

ਅੱਜ ਕਲ੍ਹ ਤਕਰੀਬਨ ਹਰ ਸ਼ਹਿਰ ਵਿਚ ਅਖੰਡ ਪਾਠ-ਸੇਵਾ ਸੁਸਾਇਟੀਆਂ ਬਣੀਆਂ ਹੋਈਆਂ ਹਨ, ਜੋ



www.AKJ.Org

ਪ੍ਰੇਮੀ ਪਾਠੀਆਂ ਕੋਲੋਂ ਨਿਸ਼ਕਾਮ ਭਾਵਨਾ ਨਾਲ ਘਰੋ-ਘਰੀ ਪਾਠ ਕਰਾਉਂਦੀਆਂ ਹਨ। ਉਹਨਾਂ ਦੀ ਭਾਵਨਾ ਅਤੇ ਪ੍ਰਯੋਜਨ ਤਾਂ ਬਹੁਤ ਸ਼ਲਾਘਾ ਯੋਗ ਹੈ, ਪਰ ਵੇਖਣ ਵਿਚ ਆਇਆ ਹੈ ਕਿ ਅਣਸਿਖੇ ਪ੍ਰੇਮੀ ਪਾਠ ਕਰਨ ਵਿਚ ਅਣਗਿਣਤ ਗ਼ਲਤੀਆਂ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਅਖੰਡ ਪਾਠ-ਸੇਵਾ ਸੁਸਾਇਟੀਆਂ ਵਲੋਂ ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਸਿਖਿਆ ਦੇਣ ਦਿਵਾਉਣ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ।

ਗੁਰਬਾਣੀ ਦੇ ਸ਼ੁੱਧ ਉਚਾਰਣ ਦੇ ਮਹੱਤਵ ਪੂਰਨ ਵਿਸ਼ੇ ਵਲ ਪੰਥਕ ਪਧਰ ਤੇ ਲੋੜੀਂਦਾ ਧਿਆਨ ਅੱਜ ਤਕ ਨਹੀਂ ਦਿਤਾ ਗਿਆ। ਕੁਝ ਕੁ ਸੁਭਾਗੇ ਵਿਅਕਤੀਆਂ ਜਾਂ ਸੰਸਥਾਵਾਂ ਵਲੋਂ ਨਿਜੀ ਪਧਰ ਤੇ ਥੋੜਾ ਬਹੁਤ ਧਿਆਨ ਦਿਤਾ ਗਿਆ ਹੈ, ਪਰ ਉਚਾਰਣ ਦੀਆਂ ਸਮੱਸਿਆਵਾਂ, ਜਿਨ੍ਹਾਂ ਬਾਰੇ ਵਿਦਵਾਨਾਂ ਵਿਚ ਪਰਸਪਰ ਵਿਚਾਰਾਂ ਦਾ ਵਖੇਵਾਂ ਹੈ, ਉਹਨਾਂ ਦੇ ਸਮਾਧਾਨ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਗਿਆ।

ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਕਈ ਸਮੱਸਿਆਵਾਂ ਹਨ। ਇਹਨਾਂ ਵਿਚੋਂ ਇਕ ਸਮੱਸਿਆ ਇਹ ਹੈ ਕਿ ਗੁਰਬਾਣੀ ਦੀ ਸ਼ੁੱਧ ਛਪਾਈ ਵਲ ਯੋਗ ਧਿਆਨ ਨਹੀਂ ਦਿਤਾ ਜਾਂਦਾ। ਪ੍ਰਕਾਸ਼ਕਾਂ ਦੀ ਅਣਗਹਿਲੀ ਕਾਰਨ ਕਈ ਅਸ਼ੁੱਧੀਆਂ ਛਪ ਜਾਂਦੀਆਂ ਹਨ। ਏਸ ਤਰ੍ਹਾਂ ਵਖ ਵਖ ਪ੍ਰਕਾਸ਼ਕਾਂ ਵਲੋਂ ਛਾਪੀ ਜਾਣ ਵਾਲੀ ਬੀੜ ਦੀ ਹਰ ਨਵੀਂ ਐਡੀਸ਼ਨ ਸਮੇਂ ਅਸ਼ੁੱਧੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਚਲਿਆ ਆ ਰਿਹਾ ਹੈ। ਇਹ ਇਕ ਤਲਖ਼ ਸਚਾਈ ਹੈ ਕਿ ਵਖ ਵਖ ਪ੍ਰਕਾਸ਼ਕਾਂ ਦੁਆਰਾ ਛਪੀਆਂ ਬੀੜਾਂ ਵਿਚ ਪਰਸਪਰ ਕਈ ਪਾਠ-ਭੇਦ ਹਨ; ਖ਼ਾਸ ਕਰਕੇ ਪਦ-ਛੇਦ ਛਪਾਈ ਵਾਲੀਆਂ ਬੀੜਾਂ ਵਿਚ। ਬੜੇ ਦੁਖ ਦੀ ਗੱਲ ਹੈ ਕਿ ਇਸ ਪਾਸੇ ਕਿਸੇ ਸੰਸਥਾ ਵਲੋਂ ਲੋੜੀਂਦਾ ਧਿਆਨ ਨਹੀਂ ਦਿਤਾ ਜਾ ਰਿਹਾ।

[ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੨ "ਗੁਰਬਾਣੀ ਉਚਾਰਣ" ਪੁਸਤਕ ਵਿਚੋਂ

---

# ਬਿਨਾਂ ਗੁਰਮਤਿ ਦੇ ਕੋਈ ਗਾਡੀ-ਰਾਹ ਹੀ ਨਹੀਂ

[ਗਿਆਨੀ ਗੋਪਾਲ ਸਿੰਘ ਜੀ ਮਿੱਤਰ, ਗੁੜਗਾਉਂ]

ਓ ਵਿਕਾਰਾਂ ਦੀ ਦੁਨੀਆ ਚਿ ਵਿਚਰਦੇ ਮਨੁੱਖ ! ਤੈਨੂੰ ਮੁਨਜ਼ਲ ਦਾ ਚੇਤਾ ਰਿਹਾ ਹੀ ਨਹੀਂ।
ਚੜ੍ਹ ਕੇ ਵਿਸ਼ਿਆਂ ਦੀ ਬੇੜੀ ਤੇ ਕਿਉਂ ਠਿਲ੍ਹ ਪਿਐਂ, ਤੈਨੂੰ ਲਹਿਰਾਂ ਦਾ ਮਿੱਤਰ ਪਤਾ ਹੀ ਨਹੀਂ।
ਤੂੰ ਨਹੀਂ ਵੇਖੀਆਂ ਪਿੰਜਰੇ ਵਿਚ ਪਈਆਂ, ਯਾਦ ਕਰਿ ਕਰਿ ਵਕਤ, ਰੋਂਦੀਆਂ ਬੁਲਬੁਲਾਂ;
ਲੋਭ ਚੋਗੇ ਦਾ ਪਾ ਕੇ, ਤੇ ਸੱਯਾਦ ਨੇ ਫੜ ਲਈਆਂ ਕੋਈ ਨਿਕਲਣ ਦੀ ਵਾਹ ਹੀ ਨਹੀਂ।
ਬਹਿ ਕੇ ਫੁੱਲਾਂ ਤੇ ਮਾਣੇਂ ਤੂੰ ਮਕਰੰਦ-ਰਸ, ਇਹ ਨ ਜਾਣੇਂ ਕਿ ਹੈ ਵਿਸ਼ ਭਰਿਆ ਚਮਨ,
ਵਾੜ ਕੰਡਿਆਂ ਦੀ ਵਲਿਆ ਏ ਵਲਗਣ ਇਹਦਾ, ਲਭਦਾ ਕੋਈ ਨਿਕਲਣ ਦਾ ਰਾਹ ਹੀ ਨਹੀਂ।
ਵੜ ਕੇ ਕਾਲਖ ਦੀ ਕੋਠੀ 'ਚਿ ਨਿਰਮਲ ਰਹੇਂ, ਮੰਨ ਸਕਦੀ ਨਹੀਂ ਇਹ ਕਦੀ ਕਲਪਨਾ,
ਖੜਾ ਹੋ ਕੇ ਸਮੁੰਦਰ-ਕਿਨਾਰੇ ਕਹੇਂ, ਲਗਣੀ ਏਸ ਕੰਧੀ ਨੂੰ, ਢਾਹ ਹੀ ਨਹੀਂ।
ਇਹ ਪਗਡੰਡੀ ਜਾਂਦੀ ਰਸਾਤਲ ਨੂੰ ਹੈ, 'ਇਸ ਰਾਹ ਤੇ ਤੁਰੇਂ' ਤੈਨੂੰ ਕਿਸ ਆਖਿਆ,
ਪੁਛ ਪੰਧਾਊਆਂ ਤੋਂ 'ਮਿੱਤਰ' ਉਹ ਦਸ ਦੇਣਗੇ, ਬਿਨਾਂ ਗੁਰਮਤਿ ਦੇ ਕੋਈ ਗਾਡੀ-ਰਾਹ ਹੀ ਨਹੀਂ।

---

## ਨੋਟ ਕਰੋ ਜੀ !

੧. ਪ੍ਰਦੇਸੀ ਵੀਰਾਂ ਪਾਸ ਬੇਨਤੀ ਹੈ ਕਿ ਸੂਰਾ ਨੂੰ ਭੇਜਣ ਵਾਲੇ ਡਰਾਫਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ, ਭਾਵ ਰੁਪਿਆਂ ਵਿਚ ਹੀ ਭੇਜੋ, ਕਿਉਂਕਿ ਪ੍ਰਦੇਸੀ ਕਰੰਸੀ ਨੂੰ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ, ਜਿਹਾ ਕਿ ੫੦ ਡਾਲਰ/੨੫ ਪੌਂਡ ਪ੍ਰਤੀ ਡਰਾਫ਼ਟ ਕਰਦੇ ਹਨ।

੨. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਗਿਆ ਹੈ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਆਪਣੇ ਪਰਚੇ ਦਾ ਚਿੱਟ ਨੰਬਰ ਯਾਦ ਕਰੋ ਜਾਂ ਆਪਣੇ ਪਾਸ ਨੋਟ ਕਰਕੇ ਰਖੋ ਜੀ। ਚੰਦਾ ਜਮ੍ਹਾਂ ਕਰਾਉਣ ਵੇਲੇ ਚਿੱਟ ਨੰਬਰ ਜ਼ਰੂਰ ਲਿਖਵਾਉ, ਨਹੀਂ ਤਾਂ ਆਪ ਜੀ ਦਾ ਚੰਦਾ ਗਲਤ ਖਾਤੇ ਵਿਚ ਜਮ੍ਹਾਂ ਹੋ ਸਕਦਾ ਹੈ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

www.AKJ.Org

# ਕਬਿੱਤ ਸਵੱਯੇ ਭਾਈ ਗੁਰਦਾਸ ਜੀ (੫)

ਗੁਰਮਤਿ ਸਤਿ ਕਰਿ ਬੈਰ ਨਿਰਬੈਰ ਭਏ,
ਪੂਰਨ ਬ੍ਰਹਮੁ ਗੁਰੁ ਸਰਬ ਮੈ ਜਾਨੇ ਹੈਂ ॥
ਗੁਰਮਤਿ ਸਤਿ ਕਰਿ ਭੇਦ ਨਿਰਭੇਦ ਭਏ,
ਦੁਬਿਧਾ ਬਿਧਿ ਨਿਖੇਧ ਖੇਦੁ ਬਿਨਸਾਨੇ ਹੈ ॥
ਗੁਰਮਤਿ ਸਤਿ ਕਰਿ ਬਾਇਸ ਪਰਮ-ਹੰਸ,
ਗਯਾਨ ਅੰਸ, ਬੰਸ ਨਿਰਗੰਧ ਗੰਧ ਠਾਨੇ ਹੈ ॥
ਗੁਰਮਤਿ ਸਤਿ ਕਰਿ ਕਰਮ ਭਰਮ ਖੋਏ,
ਆਸਾ ਮੈ ਨਿਰਾਸ ਹੁਇ, ਬਿਸ੍ਵਾਸੁ ਉਰਿ ਆਨੇ ਹੈ ॥੧੮॥੨੬॥

**ਪਦ ਅਰਥ** : ਬੈਰ—ਵੈਰ ਭਾਵਨਾ। ਨਿਰਬੈਰ—ਵੈਰ-ਭਾਵਨਾ ਤੋਂ ਰਹਿਤ। ਸਰਬ ਮੈ—ਸਭਨਾਂ ਵਿਚ ਵਸ ਰਿਹਾ। ਭੇਦ ਨਿਰਭੇਦ ਭਏ—ਭੇਦ ਭਾਵਨਾ ਤੋਂ ਅਭੇਦ ਹੋਣਾ, ਵਿਤਕਰੇ ਰਹਿਤ ਹੋਣਾ। ਦੁਬਿਧਾ ਬਿਧਿ—ਦਵੈਤ ਭਾਵਨਾ ਵਾਲੀ ਰੀਤੀ। ਨਿਖੇਧ—ਖੰਡਨ ਕਰਨ ਵਾਲੀ ਬ੍ਰਿਤੀ। ਖੇਦੁ—ਦੁਖ, ਕਲੇਸ਼। ਬਿਨਸਾਨੇ ਹੈ—ਨਾਸ ਹੋ ਜਾਂਦਾ ਹੈ। ਬਾਇਸ—ਕਾਗ (ਮਲੀਨ) ਬ੍ਰਿਤੀ ਵਾਲੇ। ਪਰਮ-ਹੰਸ—ਪਰਮ ਬਿਬੇਕੀ ਬ੍ਰਿਤੀ ਵਾਲੇ। ਗਯਾਨ ਅੰਸ—ਗਿਆਨ ਦੀ ਕਣੀ। ਬੰਸ ਨਿਰਗੰਧ—ਸੁਗੰਧੀ ਹੀਣ ਬਾਂਸ। ਗੰਧ ਠਾਨੇ ਹੈ—ਸੁਗੰਧੀ ਵਾਲੇ ਹੋ ਜਾਂਦੇ ਹਨ। ਕਰਮ ਭਰਮ—ਕਰਮ-ਕਾਂਡਾਂ ਦੇ ਭਰਮ। ਆਸਾ ਮੈ ਨਿਰਾਸ—ਦੁਨੀਆਵੀ ਆਸਾਂ ਤੋਂ ਨਿਰਲੇਪ। ਬਿਸ੍ਵਾਸੁ—ਭਰੋਸਾ। ਉਰਿ—ਹਿਰਦੇ ਵਿਚ।

**ਅਰਥ** : ਸਤਿਗੁਰੂ ਦੇ ਬਖ਼ਸ਼ੇ ਉਪਦੇਸ਼ ਨੂੰ ਸਤਿ ਸਤਿ ਕਰ ਮੰਨਣ ਵਾਲੇ ਨਿਰਵੈਰ ਹੁੰਦੇ ਹਨ, ਉਨ੍ਹਾਂ ਦੇ ਅੰਦਰ ਕਿਸੇ ਲਈ ਵੈਰ-ਭਾਵਨਾ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਨੇ ਗੁਰ-ਪਾਰਬ੍ਰਹਮ ਨੂੰ ਹਰੇਕ ਵਿਚ ਵਸਦਾ ਜਾਣ ਲਿਆ ਹੈ।

ਗੁਰੂ ਦੀ ਮਤ ਦ੍ਰਿੜ੍ਹ ਕਰ ਗ੍ਰਹਿਣ ਕਰਨ ਵਾਲੇ ਵਿਤਕਰੇ ਵਾਲੀ ਬ੍ਰਿਤੀ ਤੋਂ ਰਹਿਤ ਹੁੰਦੇ ਹਨ, (ਭਾਵ, ਉਨ੍ਹਾਂ ਦੇ ਵਾਸਤੇ ਆਪਣੇ-ਬਿਗਾਨੇ ਅਤੇ ਉਚ-ਨੀਚ, ਸਭ ਇਕੋ-ਜਿਹੇ ਹੁੰਦੇ ਹਨ)। ਉਨ੍ਹਾਂ ਦੇ ਅੰਦਰੋਂ ਦਵੈਤ ਭਾਵਨਾ ਵਾਲੀ ਰੀਤੀ ਅਤੇ (ਦੂਜਿਆਂ ਨੂੰ) ਖੰਡਨ ਕਰਨ ਵਾਲੀ ਸੁਰਤੀ ਦਾ ਕਲੇਸ਼ ਮਿਟ ਜਾਂਦਾ ਹੈ।

ਗੁਰਮਤਿ ਨੂੰ ਸੱਚ ਕਰ ਕੇ ਧਾਰਨ ਕਰਨ ਵਾਲੇ ਕਾਗ (ਭਾਵ, ਮਲੀਨ) ਬ੍ਰਿਤੀ ਤੋਂ ਪਰਮ ਹੰਸ, ਭਾਵ, ਪਰਮ ਬਿਬੇਕ ਬ੍ਰਿਤੀ ਵਾਲੇ ਬਣ ਜਾਂਦੇ ਹਨ। ਸਤਿਗੁਰੂ ਤੋਂ ਪ੍ਰਾਪਤ ਆਤਮ-ਗਿਆਨ ਦੀ ਕਣੀ ਸਦਕਾ ਉਹ ਸੁਗੰਧੀ-ਹੀਣ (ਅਹੰਕਾਰ-ਮਤੇ) ਬਾਂਸ ਤੋਂ (ਚੰਦਨ ਸਮਾਨ) ਸੁਗੰਧੀ ਫੈਲਾਉਣ ਵਾਲੇ ਹੋ ਜਾਂਦੇ ਹਨ।

ਗੁਰੂ ਦੀ ਸਿਖਿਆ ਨੂੰ ਦ੍ਰਿੜ੍ਹ ਕਰ ਕਮਾਉਣ ਵਾਲੇ ਕਰਮ-ਕਾਂਡਾਂ ਦੇ ਭਰਮ ਮੇਟ ਦੇਂਦੇ ਹਨ। ਉਹ ਦੁਨੀਆਵੀ ਆਸਾਂ ਵਾਸ਼ਨਾਵਾਂ ਤੋਂ ਨਿਰਲੇਪ ਹੋ ਜਾਂਦੇ ਹਨ, ਸਤਿਗੁਰੂ ਦੀ ਮਤ ਨੂੰ ਹਿਰਦੇ ਵਿਚ ਵਸਾ ਲੈਂਦੇ ਹਨ।੧੮।੨੬।

ਗੁਰਮਤਿ ਸਤਿ ਕਰਿ ਸਿੰਬਲ ਸਫਲ ਭਏ,
ਗੁਰਮਤਿ ਸਤਿ ਕਰਿ ਬਾਂਸ ਮੈ ਸੁਗੰਧ ਹੈ ॥
ਗੁਰਮਤਿ ਸਤਿ ਕਰਿ ਕੰਚਨੁ ਮਨੂਰ ਭਏ,
ਗੁਰਮਤਿ ਸਤਿ ਕਰਿ ਪਰਖਤ ਅੰਧ ਹੈ ॥
ਗੁਰਮਤਿ ਸਤਿ ਕਰਿ ਕਾਲ-ਕੂਟ ਅੰਮ੍ਰਿਤ ਹੁਇ,
ਕਾਲ ਮੈ ਅਕਾਲ ਭਏ ਅਸਥਿਰੁ ਕੰਧੁ ਹੈ ॥
ਗੁਰਮਤਿ ਸਤਿ ਕਰਿ ਜੀਵਨ ਮੁਕਤ ਭਏ,
ਮਾਯਾ ਮੈਂ ਉਦਾਸ ਬਾਸ ਬੰਧ ਨਿਰਬੰਧ ਹੈ ॥੧੯॥੨੭॥



www.AKJ.Org

**ਪਦ ਅਰਥ** : ਸਿੰਬਲ–ਸਿੰਮਲ ਰੁਖ, ਜੋ ਬੇਸੁਆਦੀ ਤੇ ਫਿਕੇ ਫਲਾਂ ਵਾਲਾ ਹੁੰਦਾ ਹੈ। ਸਫਲ–ਫਲ ਵਾਲੇ। ਕੰਚਨੁ–ਸੋਨਾ। ਮਨੂਰ–ਸੜਿਆ ਹੋਇਆ ਲੋਹਾ। ਪਰਖਤ–ਪਰਖਣ ਵਾਲੀ ਬੁਧੀ। ਅੰਧ–ਅੰਨ੍ਹੇ, ਅਗਿਆਨੀ। ਕਾਲ-ਕੂਟ–ਜ਼ਹਿਰ ਰੂਪ ਮਾਇਆ। ਕਾਲ ਮੈ ਅਕਾਲ–ਕਾਲ-ਗਤੀ ਤੋਂ ਨਿਰਲੇਪ। ਅਸਥਿਰੁ–ਅਚੱਲ। ਕੰਧੁ–ਸਰੀਰ। ਬਾਸ ਬੰਧ–ਮਾਇਕ ਵਾਸ਼ਨਾਂ ਦੇ ਬੰਧਨ। ਨਿਰਬੰਧ–ਬੰਧਨ-ਰਹਿਤ, ਨਿਰਲੇਪ।

**ਅਰਥ** : ਸਤਿਗੁਰੂ ਦੇ ਗਿਆਨ ਨੂੰ ਸਤਿ ਕਰ ਕਮਾਉਣ ਵਾਲੇ ਸਿੰਮਲ ਬ੍ਰਿਛ (ਭਾਵ, ਪਰਪੰਚੀ ਦਿਖਾਵੇ ਵਾਲੇ ਜੀਵਨ) ਤੋਂ ਫਲ ਵਾਲੇ ਰੁਖ (ਭਾਵ, ਉਤਮ ਕਰਣੀ ਕਮਾਈ ਵਾਲੇ) ਹੋ ਜਾਂਦੇ ਹਨ ਅਤੇ ਗੁਰਮਤਿ ਨੂੰ ਸਤਿ ਕਰ ਮੰਨਣ ਵਾਲੇ ਪ੍ਰਾਣੀ,ਬਾਂਸ ਵਰਗੀ(ਅਹੰਕਾਰ)ਬ੍ਰਿਤੀ ਤੋਂ(ਨਿਮ੍ਰਤਾ ਦੀ)ਸੁਗੰਧੀ ਵਾਲੀ ਬ੍ਰਿਤੀ ਵਿਚ ਪਲਟ ਜਾਂਦੇ ਹਨ।

ਗੁਰੂ ਦੀ ਸਿਖਿਆ ਨੂੰ ਦ੍ਰਿੜ੍ਹ ਕਰਕੇ ਕਮਾਉਣ ਵਾਲੇ, ਸੜੇ ਹੋਏ ਲੋਹੇ (ਨਿਕੰਮੇ ਜੀਵ) ਤੋਂ ਸੋਨੇ ਵਾਂਗ (ਉੱਜਲ ਆਤਮ-ਬ੍ਰਿਤੀ ਵਾਲੇ) ਲਿਸ਼ਕ ਪੈਂਦੇ ਹਨ ਅਤੇ ਗੁਰਮਤਿ ਨੂੰ ਸੱਚ ਕਰ ਮੰਨਣ ਵਾਲੇ, ਅੰਧੇ ਅਗਿਆਨੀ ਪੁਰਖ ਤੋਂ ਪਾਰਖੂ ਬੁਧੀ ਵਾਲੇ ਗਿਆਨਵਾਨ ਹੋ ਜਾਂਦੇ ਹਨ।

ਗੁਰ-ਗਿਆਨ ਨੂੰ ਸੱਚ ਕਰਕੇ ਗ੍ਰਹਿਣ ਕਰਨ ਵਾਲੇ, ਜ਼ਹਿਰ ਸਮਾਨ ਮਾਇਆ-ਗ੍ਰਸੇ ਜੀਵਾਂ ਤੋਂ ਅੰਮ੍ਰਿਤ ਵਰਗੇ ਆਤਮ-ਸੁਖ ਮਾਨਣਹਾਰ ਹੋ ਜਾਂਦੇ ਹਨ। ਉਹ ਕਾਲ-ਚੱਕਰ ਤੋਂ ਨਿਰਲੇਪ ਹੋ ਜਾਂਦੇ ਹਨ, ਭਾਵ, ਉਨ੍ਹਾਂ ਨੂੰ ਮੌਤ ਦਾ ਡਰ ਨਹੀਂ ਸਤਾਂਦਾ ਅਤੇ ਉਨ੍ਹਾਂ ਦਾ ਸਰੀਰ ਅਚੱਲ, ਭਾਵ, ਪ੍ਰਭੂ-ਧਿਆਨ ਵਿਚ ਨਿਮਗਨ ਹੋ ਜਾਂਦਾ ਹੈ।

ਗੁਰਮਤਿ ਨੂੰ ਸਤਿ ਕਰ ਧਾਰਨ ਵਾਲੇ ਜੀਊਂਦੇ-ਜੀ ਮੋਹ-ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਮਾਇਆ (ਗ੍ਰਿਹਸਤ) ਵਿਚ ਉਦਾਸ ਰਹਿ ਕੇ, ਮਾਇਕ ਵਾਸ਼ਨਾਂ ਦੇ ਬੰਧਨਾਂ ਤੋਂ ਨਿਰਲੇਪ ਰਹਿੰਦੇ ਹਨ।੧੯।੨੭।

ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ,
ਸਸਿ ਘਰਿ ਸੂਰੁ ਪੂਰਿ ਨਿਜ ਘਰਿ ਆਏ ਹੈਂ ॥
ਉਲਟਿ ਪਵਨੁ ਮਨ ਮੀਨ ਤ੍ਰਿਬੇਨੀ ਪ੍ਰਸੰਗੁ,
ਤ੍ਰਿਕੁਟੀ ਉਲੰਘਿ ਸੁਖ-ਸਾਗਰਿ ਸਮਾਏ ਹੈਂ ॥
ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ,
ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ ॥
ਚਕਈ ਚਕੋਰ ਮੋਰ ਚਾਤ੍ਰਿਕ ਅਨੰਦ-ਮਈ,
ਕਦਲੀ ਕਮਲ ਸੋ ਬਿਮਲ ਜਲ ਛਾਏ ਹੈ ॥੨੦॥੨੮॥

**ਪਦ ਅਰਥ** : ਸੰਧਿ–ਸੰਧੀ, ਮੇਲ। ਸਸਿ–ਚੰਦ੍ਰਮਾ, ਖੱਬੀ ਸੁਰ, ਪਿੰਗਲਾ ਨਾੜੀ। ਸੂਰ–ਸੂਰਜ, ਸੱਜੀ ਸੁਰ, ਇੜਾ ਨਾੜੀ। ਪੂਰਿ–ਪ੍ਰਵੇਸ਼ ਕਰ ਕੇ। ਨਿਜ ਘਰਿ–ਨਿਜ ਆਤਮ-ਸੁਖ ਵਿਚ। ਪਵਨੁ ਮਨ–ਪਵਨ ਵਾਂਗ ਚੰਚਲ ਮਨ। ਮੀਨ–ਮੱਛੀ। ਪ੍ਰਸੰਗ–ਸੰਬੰਧ,ਗਤੀ। ਤ੍ਰਿਬੇਣੀ–ਤਿੰਨਾਂ ਨਾੜੀਆਂ ਦਾ(ਨਦੀਆਂ) ਦਾ ਸੰਗਮ ਸਥਾਨ। ਤ੍ਰਿਕੁਟੀ–ਤ੍ਰਿਕੁਟ ਚੱਕਰ, ਦੋਹਾਂ ਭੈਂਹਾਂ ਦੇ ਵਿਚਲਾ ਥਾਂ। ਉਲੰਘਿ–ਟਪ ਕੇ। ਤ੍ਰਿਗੁਨ ਅਤੀਤ–ਤ੍ਰਿਗੁਣੀ ਮਾਇਆ ਤੋਂ ਵਿਰੱਕਤ ਵੈਰਾਗੀ। ਚਤੁਰਥ ਪਦ–ਚੌਥੀ (ਤੁਰੀਆ) ਅਵਸਥਾ। ਗੰਮਿਤਾ ਕੈ–ਪਹੁੰਚ ਹੋਣੀ। ਨਿਝਰ–ਇਕ–ਰਸ। ਅਮਿਅ–ਅੰਮ੍ਰਿਤ। ਚਕਈ–ਚਕਵੀ। ਕਦਲੀ–ਕੇਲਾ। ਬਿਮਲ–ਨਿਰਮਲ। ਚਾਤ੍ਰਿਕ–ਪਪੀਹਾ।

**ਅਰਥ** : ਗੁਰੂ ਅਤੇ ਸਿਖ ਦੇ ਮੇਲ ਹੋਣ ਤੇ, ਗੁਰਸਿਖ ਦੀ ਗੁਰੂ ਦੇ ਸ਼ਬਦ ਵਿਚ ਜਦ ਲਿਵ ਜੁੜਦੀ ਹੈ ਤਾਂ ਸਮੇਤ ਸਸਿ ਸੂਰ ਨਾੜੀਆਂ (ਖੱਬੀ ਪਿੰਗਲਾ ਨਾੜੀ ਤੇ ਸੱਜੀ ਇੜਾ ਨਾੜੀ) (ਨਿਰਜਤਨ ਹੀ ਦਸਮ ਦੁਆਰ ਵਿਚ) ਆ ਪਰਵੇਸ਼ ਕਰਦੀਆਂ ਹਨ ਅਤੇ ਗੁਰਸਿਖ ਨਿਜ-ਆਤਮ-ਸੁਖ ਵਿਚ ਟਿਕ ਜਾਂਦਾ ਹੈ।

ਸਵਾਸਾਂ ਨੂੰ ਬਾਹਰ ਤੋਂ ਅੰਦਰ ਨੂੰ ਉਲਟਾ ਕੇ, ਭਾਵ ਨਾਮ ਸਿਮਰਨ ਦੇ ਸਵਾਸ-ਅਭਿਆਸ ਨਾਲ ਪਵਨ ਵਾਂਗ ਚੰਚਲ ਮਨ (ਸਹਿਜੇ ਹੀ) ਮੱਛੀ ਦੀ ਗਤੀ ਵਾਂਗ, ਤ੍ਰਿਬੇਣੀ ਦੇ ਆਰ ਪਾਰ ਹੋ ਕੇ, ਤ੍ਰਿਕੁਟੀ-ਅਸਥਾਨ ਟਪ ਕੇ ਸੁਖਾਂ ਦੇ ਸਾਗਰ ਦਸਮ ਦੁਆਰ ਵਿਚ ਜਾ ਸਮਾਉਂਦਾ ਹੈ। (ਨਾਮ-ਅਭਿਆਸੀ ਗੁਰਮੁਖ ਨੂੰ ਇੜਾ ਪਿੰਗਲਾ


www.AKJ.Org

ਨਾੜੀਆਂ ਦੇ ਦਬਣ ਰੋਕਣ ਦੇ ਖਲਜਗਣਾਂ ਵਿਚ ਪੈਣ, ਤ੍ਰਿਬੇਣੀ-ਸੰਗਮ ਤੇ ਪੁਜਣ ਅਤੇ ਤ੍ਰਿਕੁਟੀ ਚੱਕਰਾਂ ਨੂੰ ਭੇਦਣ ਆਦਿ ਦੇ ਕਸ਼ਟ ਨਹੀਂ ਸਹਿਣੇ ਪੈਂਦੇ)।

ਨਾਮ-ਅਭਿਆਸੀ ਗੁਰਸਿਖ ਤ੍ਰਿਗੁਣੀ ਮਾਇਕ ਅਵਸਥਾ ਤੋਂ ਵੈਰਾਗੀ ਹੋ ਕੇ ਚੌਥੇ ਪਦ (ਤੁਰੀਆ ਅਵਸਥਾ) ਵਿਚ ਜਾ ਪੁਜਦਾ ਹੈ, ਜਿਥੇ ਕਿ ਅੰਮ੍ਰਿਤ ਦੀ ਇਕ-ਰਸ ਅਪਾਰ ਧਾਰਾ ਦਾ ਅਨੰਦ ਮਾਣਦਾ ਹੈ।

ਜਿਵੇਂ ਚਕਵੀ ਸੂਰਜ ਨੂੰ, ਚਕੋਰ ਚੰਦ੍ਰਮਾ ਨੂੰ ਅਤੇ ਮੋਰ ਤੇ ਪਪੀਹਾ ਬਦਲ ਨੂੰ ਵੇਖ ਕੇ ਅਨੰਦ ਮਾਣਦੇ ਹਨ ਇਵੇਂ ਹੀ ਨਾਮ-ਅਭਿਆਸੀ ਤਸੀਏ (ਇਸ ਅਲੌਕਿਕ ਅਵਸਥਾ ਵਿਚ) ਨਿਰਮਲੁ ਜਲ ਵਿਚ ਕੇਲੇ ਤੇ ਕੰਲ-ਫੁਲ ਵਾਂਗ ਪ੍ਰਫੁਲਤ ਹੁੰਦੇ ਹਨ।੨੦।੨੮।

ਇਸ ਕਬਿਤ ਦੀ ਵਿਆਖਿਆ ਕਰਦੇ ਹੋਏ ਭਾ: ਸਾ: ਰਣਧੀਰ ਸਿੰਘ ਜੀ 'ਅਨਹਦ ਸ਼ਬਦ ਦਸਮ ਦੁਆਰ' ਪੁਸਤਕ ਵਿਚ ਲਿਖਦੇ ਹਨ—

"ਇਸ ਕਬਿਤ ਵਿਚ ਭਾਈ ਗੁਰਦਾਸ ਜੀ ਗੁਰਮਤਿ-ਸ਼ਬਦ-ਲਿਵ-ਅਭਿਆਸ ਦੀ ਸਹਿਜ-ਜੋਗ ਕਲਾ ਦੀ ਵਿਲੱਖਣਤਾਈ ਵਰਨਣ ਕਰਦੇ ਹਨ ਕਿ ਸਹਿਜੇ ਸੁਖੈਨ ਹੀ ਸਾਰੀਆਂ ਸੰਧੀਆਂ ਮਿਲ ਕੇ 'ਸਸਿ ਘਰਿ ਸੂਰੁ ਪੂਰਿ' ਨਿਜ ਘਰ ਆ ਪਰਵੇਸ਼ ਕਰਦਾ ਹੈ। ਇਥੇ ਇੜਾ ਪਿੰਗਲਾ ਸੁਰਾਂ ਦੇ ਦਬਣ ਰੋਕਣ ਵਾਲੇ ਹੱਠ-ਜੋਗ ਦੇ ਬਿਕਟ ਸੰਕਟੀ ਝਮੇਲੇ ਵਿਚ ਪੈਣ ਦੀ ਲੋੜ ਨਹੀਂ। ਜਿਵੇਂ ਮੀਨ ਤ੍ਰਿਬੇਣੀ ਵਿਖੇ ਉਲਟ-ਪਵਨ-ਡੁਬਕ-ਤਾਰੀਆਂ ਲਾ ਕੇ ਸੁਖੈਨ ਹੀ ਤ੍ਰਿਬੇਣੀ ਦੇ ਆਰ ਪਾਰ ਲੰਘ ਜਾਂਦੀ ਹੈ, ਇਸੇ ਪ੍ਰਕਾਰ ਸ਼ਬਦ-ਸੁਰਤ-ਅਭਿਆਸੀ ਜਨ ਟੁਕ-ਦੰਮ-ਕਰਾਰੀਆਂ ਉਲਟ ਪਵਨ-ਨਭ-ਉਡਾਰੀਆਂ ਮਾਰ ਕੇ ਤ੍ਰਿਕੁਟੀਆਂ ਸਹਿਜ ਸੁਖੈਨ ਹੀ ਉਲੰਘ ਕੇ ਸੁਖ-ਸਾਗਰ ਵਿਖੇ ਜਾਂਇ ਸਮਾਉਂਦਾ ਹੈ! ਉਸ ਨੂੰ ਪ੍ਰਾਣਾਯਾਮੀ ਹੱਠ-ਜੋਗ ਕਰਿ ਤ੍ਰਿਕੁਟੀ ਖੋਲ੍ਹਣ ਦੀ ਕਸ਼ਟ-ਕਿਰਿਆ ਕਰਨੀ ਹੀ ਨਹੀਂ ਪੈਂਦੀ। ਸ਼ਬਦ-ਅਭਿਆਸ-ਸੁਰਤੀਆ, ਸੁਆਸ-ਸ਼ਗੁਫਤੀਆ ਗੁਰਮੁਖ ਯੋਗੀ ਜਨ ਤ੍ਰਿਗੁਣ ਅਤੀਤ ਬੀਤ ਰਾਗ ਅਨੁਰਾਗੀ ਹੋਇ ਕੈ ਤੁਰੀਆ ਪਦ ਵਿਖੇ ਸਹਿਜੇ ਜਾ ਗੰਮਿਤਾ ਗਤਾਉਂਦਾ ਹੈ। ਬਸ ਓਥੇ ਫੇਰ ਬਸ, 'ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ' ਵਾਲੇ ਪਰਮ ਅਨੰਦ ਵਿਚ ਬਿਸਮ ਅਹਿਲਾਦ ਰਸ ਮਾਣਦਾ ਹੈ। ਓਹਨਾਂ ਦੇ ਮਹਾਂ-ਰਸ ਪਰਮ ਅਨੰਦ ਦੀ ਦ੍ਰਿਸ਼ਟਾਂਤੀ ਮਿਸਾਲ ਇਸ ਦ੍ਰਿਸ਼ਟਮਾਨ ਦੁਨੀਆ ਵਿਚ ਚਕਵੀ, ਚਕੋਰ, ਮੋਰ ਚਾਤ੍ਰਿਕ ਆਦਿ ਦੀ ਅਨੰਦ-ਮਈ ਬਿਵਸਥਾ ਦੀ ਹੀ ਮਿਲਦੀ ਹੈ। ਇਸੇ ਪ੍ਰਕਾਰ ਸ਼ਬਦ-ਸੁਰਤ-ਅਭਿਆਸੀ ਜਨ ਕਦਲੀ ਕਮਲ ਤੇ ਬਿਮਲ ਜਲ ਵਿਖੇ ਹੀ ਤ੍ਰਿਬੁਡ ਰਹਿ ਕੇ ਅਨੰਦਤ ਹੁੰਦੇ ਹਨ।"

ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲੇ,
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ॥
ਭਾਗੈ ਭੈ ਭਰਮ ਭੇਦ, ਕਾਲ ਅਉ ਕਰਮ ਖੇਦ,
ਲੋਗ ਬੇਦ ਉਲੰਘਿ ਉਦੋਤੁ ਗੁਰ ਗਿਆਨੇ ਹੈਂ॥
ਮਾਯਾ ਅਉ ਬ੍ਰਹਮੁ ਸਮੁ ਦਸਮ ਦੁਆਰ ਪਾਰ,
ਅਨਹਦੁ ਰੁਣਝੁਣ ਬਾਜਤ ਨੀਸਾਨੇ ਹੈਂ॥
ਉਨਮਨਿ ਮਗਨੁ ਗਗਨਿ ਜਗਮਗ ਜੋਤਿ,
ਨਿਝਰ ਅਪਾਰ ਧਾਰ ਪਰਮ ਨਿਧਾਨੇ ਹੈਂ॥੧੨॥੨੯॥

**ਪਦ ਅਰਥ :** ਲਿਵ—ਸੁਰਤ-ਸਮਾਧੀ। ਸੰਧਿ—ਸੰਧੀ, ਮਿਲਾਪ। ਪੰਚ ਪਰਪੰਚ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਵਿਕਾਰਾਂ ਦਾ ਧੋਖਾ, ਛਲ, ਅਡੰਬਰ। ਪੰਚ ਪਰਧਾਨੇ ਹੈਂ—ਪੰਜ ਦੈਵੀ ਗੁਣ (ਸਤ, ਸੰਤੋਖ, ਦਇਆ, ਧਰਮ, ਧੀਰਜ)ਮੁਖੀ ਹੋ ਜਾਂਦੇ ਹਨ। ਭੈ—ਡਰ। ਭਰਮ—ਭਟਕਣਾ। ਭੇਦ—ਆਪਣੇ ਪਰਾਏ ਤੇ ਉਚੇ *


www.AKJ.Org

# ਸਾਖੀ ਤੇ ਸ਼ਬਦ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ੯-ਫਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

ਰਮਾਇਣ ਤੇ ਮਹਾਂ ਭਾਰਤ ਹਿੰਦੁਸਤਾਨ ਦੀਆਂ ਐਸੀਆਂ ਪ੍ਰਮਾਣਿਕ ਪੁਸਤਕਾਂ ਹਨ, ਜਿਨ੍ਹਾਂ ਦਾ ਆਧਾਰ ਸਾਖੀ (ਕਹਾਣੀ) ਦੁਆਰਾ ਧਾਰਮਿਕ ਸਿਧਾਂਤ ਦੀ ਉਸਾਰੀ ਕਰਨਾ ਤੇ ਇਸ ਨੂੰ ਆਮ ਲੋਕਾਂ ਵਿਚ ਸਪੱਸ਼ਟ ਕਰ ਕੇ ਸੰਚਿਤ ਕਰਨਾ ਹੈ। ਇਸ ਵਿਚ ਸ਼ੱਕ ਨਹੀਂ ਕਿ ਸਾਖੀ ਲੋਕਾਂ ਦੇ ਕੰਨ-ਰਸ ਤੇ ਕਹਾਣੀ-ਰਸ ਦੀ ਤ੍ਰਿਪਤੀ ਕਰਦੀ ਹੋਈ ਉਨ੍ਹਾਂ ਨੂੰ ਕੀਲੀ ਰਖਦੀ ਹੈ ਤੇ ਉਨ੍ਹਾਂ ਵਿਚ ਸੰਵਾਦ, ਵਾਰਤਾਲਾਪ ਤੇ ਮੂੰਹੋਂ-ਮੂੰਹੀ ਗੱਲਬਾਤ ਲੋਕਾਂ ਦੀ ਦਿਲਚਸਪੀ ਬਣਾਈ ਰਖਦੇ ਹਨ। ਇਸ ਤਰ੍ਹਾਂ ਇਹ ਧਾਰਮਿਕ ਸਿਧਾਂਤ ਨੂੰ ਆਮ ਜਨ-ਸਾਧਾਰਨ ਦੀ ਪੱਧਰ ਉਤੇ ਲਿਆ ਕੇ, ਲੋਕਾਂ ਨਾਲ ਨਿੱਜੀ ਸਾਂਝ ਪੈਦਾ ਕਰ ਜਾਂਦੀ ਹੈ। ਸਿਧਾਂਤ ਦੀ ਅਮਲੀ ਜੀਵਨ ਵਿਚ ਸਾਰਥਕਤਾ ਦਰਸਾ ਕੇ ਉਸ ਦੀ ਪੁਸ਼ਟੀ ਕਰਦੀ ਹੈ। ਸਾਖੀ ਦੁਆਰਾ ਸਿਧਾਂਤ ਨਾਲ ਜੁੜਨ ਦੀ ਪਰੰਪਰਾ ਸਭ ਧਰਮਾਂ ਵਿਚ ਪਾਈ ਜਾਂਦੀ ਹੈ।

ਅਸਲ ਵਿਚ ਕਹਾਣੀ-ਪਰੰਪਰਾ ਉਤੇ ਉਸਾਰੇ ਇਹ ਸਾਰੇ ਧਰਮ ਐਸੇ ਹਨ, ਜਿਨ੍ਹਾਂ ਦੇ ਧਾਰਮਿਕ ਗ੍ਰੰਥ, ਧਰਮ ਦੇ ਮੋਢੀਆਂ ਵਲੋਂ ਨਾ ਤਾਂ ਖ਼ੁਦ ਉਚਾਰੇ ਹੀ ਗਏ ਹਨ ਤੇ ਨਾ ਹੀ ਮਰੱਤਬ ਜਾਂ ਸੰਪਾਦਿਤ ਕੀਤੇ ਗਏ ਹਨ। ਧਰਮ ਦੇ ਮੋਢੀਆਂ ਵਲੋਂ ਵੱਖ ਵੱਖ ਸਮਿਆਂ ਉਤੇ, ਵੱਖ ਵੱਖ ਪ੍ਰਸਥਿਤੀਆਂ ਵਿਚ ਕਹੇ ਹੋਏ ਬੋਲਾਂ ਨੂੰ, ਉਨ੍ਹਾਂ ਦੇ ਅਨੁਯਾਈਆਂ ਵਲੋਂ ਕਹਾਣੀ ਰੂਪ ਵਿਚ ਪੇਸ਼ ਕਰ ਕੇ ਜਨ-ਸਾਧਾਰਨ ਤਕ ਪਹੁੰਚਿਆ ਗਿਆ ਹੈ। ਅਤੇ ਇਹ ਕਾਰਜ ਉਨ੍ਹਾਂ ਦੇ ਜੀਵਨ-ਕਾਲ ਤੋਂ ਪਿਛੋਂ ਹੀ ਹੋਇਆ ਹੈ, ਜਿਸ ਕਰਕੇ ਇਨ੍ਹਾਂ ਵਿਚ ਮਨੋ-ਕਲਪਣਾ ਤੇ ਮਿਥਿਆਸ ਦੀ ਅੰਸ ਬਹੁਤ ਵਧ ਗਈ ਹੈ।

---

* ਨੀਵੇਂ ਦਾ ਭੇਦ-ਭਾਵ। ਕਾਲ ਅਉ ਕਰਮ ਖੇਦ—ਮੌਤ ਅਤੇ ਦੁਨਿਆਵੀ ਕਰਮਾਂ ਤੋਂ ਉਪਜਣ ਵਾਲੇ ਦੁਖ। ਲੋਗ ਬੇਦ—ਲੋਕ ਰੀਤੀ ਅਤੇ ਬੇਦ ਰੀਤੀ। ਉਲੰਘਿ—ਲੰਘ ਕੇ, ਟਪ ਕੇ, ਛਡ ਕੇ। ਉਦੋਤੁ—ਪਰਗਟ, ਪ੍ਰਕਾਸ਼। ਗੁਰ ਗਿਆਨੇ—ਗੁਰੂ ਦਾ ਦਿਤਾ ਉਪਦੇਸ਼, ਗੁਰਮੰਤ੍ਰ। ਸਮੁ—ਇਕ-ਸਮਾਨ। ਅਨਹਦ ਰੁਣਝੁਣ—ਇਕ-ਰਸ ਵਜਣ ਵਾਲੀ ਰੁਣਝੁਣੀ ਧੁਨੀ। ਬਾਜੇ ਨੀਸਾਨੇ ਹੈ—ਵਾਜੇ ਵਜਦੇ ਹਨ। ਉਨਮਨਿ—ਉਚੀ ਆਤਮਕ ਅਵਸਥਾ। ਮਗਨੁ—ਅਨੰਦਤ। ਗਗਨਿ—ਦਸਮ ਦੁਆਰ ਵਿਚ। ਨਿਝਰ—ਇਕ-ਰਸ। ਨਿਧਾਨੇ—ਸਥਿਤੀ, ਸਥਾਪਨ।

**ਅਰਥ** : ਗੁਰੂ ਅਤੇ ਸਿਖ ਦੇ ਮਿਲਾਪ ਹੋਣ ਤੇ, ਗੁਰਸਿਖ ਦੀ ਗੁਰ-ਸ਼ਬਦ ਵਿਚ ਜਦ ਸੁਰਤੀ ਜੁੜਦੀ ਹੈ ਤਾਂ ਪੰਜਾਂ ਕਾਮ ਕ੍ਰੋਧ ਆਦਿਕ ਵਿਕਾਰਾਂ ਦਾ ਧੋਖਾ ਮਿਟ ਜਾਂਦਾ ਹੈ ਅਤੇ ਸਤ ਸੰਤੋਖ ਆਦਿ ਪੰਜ ਦੈਵੀ ਗੁਣ ਪ੍ਰਧਾਨ ਹੋ ਜਾਂਦੇ ਹਨ।

ਡਰ, ਭਰਮ ਅਤੇ ਆਪਣੇ-ਪਰਾਏ ਤੇ ਉਚ-ਨੀਚ ਦਾ ਭੇਦ-ਭਾਵ ਜਾਂਦਾ ਰਹਿੰਦਾ ਹੈ। ਉਸ ਨੂੰ ਮੌਤ ਅਤੇ ਦੁਨੀਆਵੀ ਕਰਮਾਂ ਤੋਂ ਉਪਜਣ ਵਾਲੇ ਦੁਖ ਨਹੀਂ ਪੋਂਹਦੇ। ਲੋਕ-ਰੀਤੀ ਅਤੇ ਵੇਦ-ਰੀਤੀ ਨੂੰ ਛਡ ਜਾਂਦਾ ਹੈ, ਉਸ ਦੇ ਅੰਦਰ ਗੁਰ-ਗਿਆਨ ਉਦੇ ਹੋ ਆਉਂਦਾ ਹੈ।

ਦਸਮ ਦੁਆਰੋਂ ਸੁਰਤ ਪਾਰ ਲੰਘ ਜਾਣ ਕਰਕੇ, ਉਸ ਲਈ ਮਾਇਆ ਅਤੇ ਬ੍ਰਹਮ ਇਕ-ਸਮਾਨ ਹੋ ਜਾਂਦੇ ਹਨ, ਉਹ ਇਸ ਮਾਇਆਵੀ ਸੰਸਾਰ ਦੇ ਹਰੇਕ ਜੀਵ ਤੇ ਵਸਤੂ ਵਿਚ ਪਾਰਬ੍ਰਹਮ ਵਾਹਿਗੁਰੂ ਦਾ ਹੀ ਪਸਾਰਾ ਵੇਖਦਾ ਹੈ। (ਇਸ ਅਲੌਕਿਕ ਰੰਗ-ਰਸ-ਰਤੀ ਅਵਸਥਾ ਵਿਚ ਉਸ ਦੇ) ਅੰਤਰ-ਆਤਮੇ ਅਨਹਦ-ਸ਼ਬਦ-ਝੁਣਕਾਰੀ ਇਕ-ਰਸ ਵਾਜੇ ਵਜਦੇ ਹਨ।

ਉਹ ਫਿਰ ਉਚੀ ਆਤਮਕ ਅਵਸਥਾ ਵਿਚ ਅਨੰਦ ਭੂੰਚਦਾ ਹੈ ਅਤੇ ਉਸ ਦੇ ਦਸਮ ਦੁਆਰ ਵਿਚ ਵਾਹਿਗੁਰੂ ਦੀ ਜੋਤੀ ਜਗਮਗਾ ਉਠਦੀ ਹੈ, ਜਿਥੇ ਕਿ ਨਾਮ-ਅੰਮ੍ਰਿਤ ਦੀ ਇਕ-ਰਸ ਅਪਾਰ ਧਾਰਾ ਦੀ ਸਥਿਤੀ ਹੋ ਆਉਂਦੀ ਹੈ।੨੧।੨੯।



www.AKJ.Org

ਸਾਖੀਆਂ ਵਿਚ ਕਹਾਣੀ-ਰਸ ਜ਼ਿਆਦਾ ਪ੍ਰਧਾਨ ਹੁੰਦਾ ਹੈ। ਇਹ ਲੋਕਾਂ ਦੇ ਬੌਧਿਕ ਪੱਧਰ ਨੂੰ ਉੱਚਾ ਨਹੀਂ ਉੱਠਣ ਦਿੰਦਾ। ਇਸ ਕਰਕੇ ਦਾਰਸ਼ਨਿਕ ਵਿਚਾਰ ਤ ਇਨ੍ਹਾਂ ਦਾ ਰਹੱਸ ਇਸ ਕਦਰ ਪਿਛੋਕੜ ਵਿਚ ਡਿੱਗ ਪੈਂਦੇ ਹਨ ਜਾਂ ਇਤਨੇ ਪਤਲੇ ਪੈ ਜਾਂਦੇ ਹਨ ਕਿ ਲੋਕੀ ਸਿਧਾਂਤ ਨੂੰ ਛੱਡ, ਧਾਰਮਿਕ ਆਗੂ ਦੀ ਵਡਿਆਈ ਤੇ ਮਹਾਨਤਾ ਨੂੰ ਜ਼ਿਆਦਾ ਆਵਸ਼ਕਤਾ ਦੇਣ ਲੱਗ ਪੈਂਦੇ ਹਨ। ਇਹ ਧਾਰਮਿਕ ਆਗੂ ਜਾਂ ਧਰਮ ਦਾ ਮੋਢੀ, ਜੋ ਸਾਖੀ ਦਾ ਮੁਖ ਪਾਤਰ ਹੁੰਦਾ ਹੈ, ਆਪਣੇ ਵਿਅਕਤੀਗਤ ਰੂਪ ਵਿਚ ਲੋਕਾਂ ਦਾ ਇਸ਼ਟ ਬਣ ਜਾਂਦਾ ਹੈ। ਲੋਕੀ ਇਸੇ ਦੀ ਪੂਜਾ ਨੂੰ ਹੀ ਧਰਮ ਸਮਝਣ ਲੱਗ ਪੈਂਦੇ ਹਨ। ਇਸ ਵਿਚੋਂ ਪੈਦਾ ਹੁੰਦੇ ਹਨ ਵਿਅਕਤੀ-ਪੂਜਾ ਤੇ ਅਵਤਾਰਵਾਦ, ਜੋ ਫਿਰ ਮੂਰਤੀ-ਪੂਜਾ ਹੋ ਨਿਬੜਦੇ ਹਨ। ਇਸ ਨਾਲ ਧਰਮ ਵਿਚ ਇਕ ਪ੍ਰਕਾਰ ਦੀ ਘੜਮੱਸ ਪੈਦਾ ਹੋ ਜਾਂਦੀ ਹੈ ਤੇ ਇਸ ਰਾਹੀਂ ਮਨੁਖ ਧਰਮ ਤੋਂ ਕੁਰਾਹੇ ਪੈ ਜਾਂਦਾ ਹੈ।

ਗੁਰੂ ਨਾਨਕ ਦੇਵ ਨੇ ਇਸ ਕਹਾਣੀ-ਰਸ, ਜੋ ਰਾਮਾਇਣ ਤੇ ਮਹਾਂ-ਭਾਰਤ ਦੇ ਸੰਬੰਧ ਵਿਚ ਰਾਮ-ਲੀਲ੍ਹਾ, ਰਾਸ-ਲੀਲ੍ਹਾ ਤੇ ਨੌਟੰਕੀਆਂ ਦਾ ਰੂਪ ਧਾਰਨਾ ਕਰ ਗਿਆ ਸੀ, ਦੀ ਇਸ ਕਮਜ਼ੋਰੀ ਦਾ ਬੜੇ ਸਪੱਸ਼ਟ ਸ਼ਬਦਾਂ ਵਿਚ ਵਰਣਨ ਕੀਤਾ ਹੈ :

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥
ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥

ਧਾਰਮਿਕ ਪਹੁੰਚ ਦੇ ਇਸ ਰਸਤੇ ਨੂੰ "ਗਿਆਨੁ ਨ ਗਲੀਈ ਢੂਢੀਐ" ਕਹਿ ਕੇ, ਇਸ ਨੂੰ ਧਰਮ ਤੋਂ ਭਟਕ ਜਾਣ ਤੇ ਖੁਆਰ ਹੋਣ ਵਾਲਾ ਰਸਤਾ ਦਸਦੇ ਹੋਏ, ਨਦਰ ਤੇ ਕਰਮ ਦੇ ਸਿਧਾਂਤ ਦੀ ਸ੍ਰੇਸ਼ਟਤਾ ਦ੍ਰਿੜ੍ਹ ਕਰਾਂਦੇ ਹਨ।

ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥੪॥ (ਪੰਨਾ ੪੬੪-੬੫)

ਵਿਚਾਰਨ ਵਾਲੀ ਗੱਲ ਇਹ ਹੈ ਕਿ ਧਾਰਮਿਕ ਸਿਧਾਂਤ ਨੂੰ ਪ੍ਰਮੁਖਤਾ ਮਿਲਣੀ ਚਾਹੀਦੀ ਹੈ, ਜਾਂ ਸਾਖੀ ਨੂੰ। ਮੁੱਦਾ ਪਹਿਲਾਂ ਹੈ ਜਾਂ ਮਾਧਿਅਮ ? ਸਾਖੀ ਤਾਂ ਕੇਵਲ ਮਾਧਿਅਮ ਹੈ, ਮੁੱਦਾ ਤਾਂ ਸਿਧਾਂਤ ਹੈ। ਯਾਦ ਰਹੇ ਕਿ ਸਿਧਾਂਤ ਹਮੇਸ਼ਾ ਹੀ ਪ੍ਰਸਥਿਤੀ, ਭਾਵ, ਸਮੇਂ ਸਥਾਨ ਤੇ ਵਿਅਕਤੀ ਤੋਂ ਉੱਪਰ ਹੁੰਦਾ ਹੈ। ਇਹ ਕਦੀ ਵੀ ਹਾਲਾਤ ਦਾ ਮੁਥਾਜ ਨਹੀਂ ਹੁੰਦਾ। ਸਿਧਾਂਤ ਦਾ ਇਹ ਲਕਸ਼ ਹੀ ਇਸ ਨੂੰ ਸਰਬ-ਕਾਲੀ ਤੇ ਸਰਬ-ਵਿਆਪਕ (*universal*) ਬਣਾਂਦਾ ਹੈ, ਸਰਬ ਸਾਂਝਾ ਬਣਾਂਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਸਾਇੰਸ ਦੇ ਨਿਯਮ (*laws*) ਜਾਂ ਕੁਦਰਤ ਦੇ ਕਾਨੂੰਨ ਹਮੇਸ਼ਾ ਸਮੇਂ, ਸਥਾਨ ਤੇ ਸਥਿਤੀ ਤੋਂ ਆਜ਼ਾਦ ਹੁੰਦੇ ਹਨ। ਪ੍ਰੰਤੂ ਸਾਖੀ ਤਾਂ ਪ੍ਰਸਥਿਤੀ ਨਾਲ ਬੱਝੀ ਹੋਈ ਹੁੰਦੀ ਹੈ, ਉਸ ਦਾ ਘੇਰਾ ਹਮੇਸ਼ਾ ਸੰਕੁਚਿਤ ਹੁੰਦਾ ਹੈ। ਸਾਖੀ ਵਿਚ ਆਈ ਕੋਈ ਚੂਕ, ਇਸ ਵਿਚੋਂ ਨਿਕਲੇ ਸਿਧਾਂਤ ਨੂੰ ਥੋਥਾ ਬਣਾ ਦੇਵੇਗੀ। ਫਿਰ ਸਾਖੀ ਵਿਚੋਂ ਹਰ ਬੰਦਾ, ਆਪਣੇ ਦ੍ਰਿਸ਼ਟੀਕੋਣ ਤੇ ਸਮਝ-ਸਮਰੱਥਾ ਅਨੁਸਾਰ ਸਿਖਿਆ ਲਵੇਗਾ, ਆਪਣਾ ਸਿਧਾਂਤ ਉਸਾਰੇਗਾ, ਜਿਸ ਕਰਕੇ ਸਿਧਾਂਤ ਵਿਚ ਸਪੱਸ਼ਟਤਾ ਤੇ ਯਥਾਰਥਤਾ (*exactness*) ਦੀ ਥਾਵੇਂ ਵੱਡੀ ਡੋਲ (*oscillation* ਪੈਦਾ ਹੋ ਜਾਵੇਗੀ।

ਗੁਰੂ ਗ੍ਰੰਥ ਸਾਹਿਬ ਗੁਰਮਤਿ ਦਾ ਸਿਧਾਂਤ-ਸਮੂਹ ਹੈ, ਜਿਸ ਦਾ ਕੇਂਦਰ ਬਿੰਦੂ ਹੈ ਪਰਮ ਸੱਚ, ਜੋਤਿ ਸਰੂਪੀ ਨਿਰੰਕਾਰ, ਤੇ ਉਦੇਸ਼ ਹੈ ਮਨੁੱਖ ਨੂੰ ਇਸ ਬਿੰਦੂ ਨਾਲ ਸਿਧੇ ਸੰਪਰਕ ਵਿਚ, ਪ੍ਰੀਤ ਸੰਜੋਗ ਵਿਚ ਜੋੜਨਾ,



www.AKJ.Org

ਤੇ ਮਾਰਗ ਹੈ ਗੁਰ-ਸ਼ਬਦ। ਗੁਰ-ਸ਼ਬਦ, ਗੁਰੂ ਸਾਹਿਬਾਨ ਤੇ ਉਨ੍ਹਾਂ ਭਗਤ ਵਿਅਕਤੀਆਂ ਦੇ ਬੋਲ ਹਨ, ਜਿਨ੍ਹਾਂ ਨੇ ਇਸ ਪ੍ਰੀਤ-ਸੰਜੋਗ ਨੂੰ ਮਾਣਿਆ ਹੈ, ਇਸ ਦਾ ਅਨੁਭਵ ਕੀਤਾ ਹੈ। ਇਨ੍ਹਾਂ ਦਾ ਇਸ ਜੋਤਿ ਨਾਲ ਸਿੱਧਾ ਸੰਪਰਕ ਸਥਾਪਤ ਹੋਇਆ ਹੈ। ਪਰਮ ਸੱਚ ਨਾਲ ਇਹ ਪ੍ਰੀਤ-ਸੰਜੋਗ ਕੇਵਲ ਉਸ ਦੀ ਮਿਹਰ, ਕਰਮ ਤੇ ਨਦਰ ਦਾ ਸਦਕਾ ਹੀ ਹੈ। ਇਸ ਲਈ ਕੋਈ ਹੀਲਾ, ਵਸੀਲਾ, ਚਾਰਾ ਜਾਂ ਹਿਕਮਤ ਕਾਰਗਰ ਨਹੀਂ ਹੁੰਦੀ ਤੇ ਨਾ ਹੀ ਇਹ ਕਿਸੇ ਖ਼ਾਸ ਪ੍ਰਵਿਰਤੀ ਦਾ ਮੁਹਤਾਜ ਹੁੰਦਾ ਹੈ। ਇਸ ਲਈ ਕਿਸੇ ਪ੍ਰਕਾਰ ਦੀ ਸਾਖੀ ਤੋਂ ਸਿਧਾਂਤ ਉਸਾਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸਿੱਧੀ ਸਿਧਾਂਤ ਦੀ ਗੱਲ ਹੀ ਮਿਲਦੀ ਹੈ। ਸਾਖੀ ਦੀ ਗੱਲ ਕਿਸੇ ਸਿਲਸਿਲੇ-ਵਾਰ ਕਹਾਣੀ ਦੇ ਰੂਪ ਵਿਚ ਨਹੀਂ ਮਿਲਦੀ, ਜਿਵੇਂ ਰਾਮਾਇਣ ਤੇ ਮਹਾਂ ਭਾਰਤ ਵਿਚ ਮਿਲਦੀ ਹੈ। ਹਾਂ ਗੁਰਮਤਿ ਸਿਧਾਂਤ ਦੀ ਪੁਸ਼ਟੀ ਲਈ ਕਿਧਰੇ ਕਿਧਰੇ ਦਲੀਲ ਦੀ ਖ਼ਾਤਰ ਇਸ਼ਾਰੇ ਮਾਤਰ ਸਾਖੀ ਦੀ ਗੱਲ ਕੀਤੀ ਗਈ ਹੈ। ਪ੍ਰਚਲਤ ਮਿਥਿਆਸਕ ਕਹਾਣੀਆਂ ਵੱਲ ਸੰਕੇਤ ਕਰ ਕੇ ਉਨ੍ਹਾਂ ਦੇ ਬੇਹੂਦਪਣ ਤੇ ਇਨ੍ਹਾਂ ਦੇ ਪਰਮ ਸੱਚ ਦੇ ਸਿਧਾਂਤ ਤੋਂ ਲਾਂਭੇ ਲੈ ਜਾਣ ਦਾ ਜ਼ਿਕਰ ਕਰ ਕੇ, ਧਰਮ ਦੇ ਮੂਲ ਸਿਧਾਂਤ, ਪਰਮ ਸੱਚ ਦੇ ਲਛਣ ਦ੍ਰਿੜ੍ਹ ਕੀਤੇ ਗਏ ਹਨ। ਜਿਵੇਂ ਭਗਤ ਨਾਮਦੇਵ ਜੀ ਦੇ ਹੇਠ ਲਿਖੇ ਸ਼ਬਦ ਤੋਂ ਪ੍ਰਤੱਖ ਹਨ :

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰਿ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥

ਅਖੀਰ ਵਿਚ ਭਗਤ ਜੀ ਆਪਣੇ ਸਮੇਂ ਦੇ ਹਿੰਦੂ ਤੇ ਮੁਸਲਮਾਨ ਦੇ ਝਗੜੇ ਅਤੇ ਇਸ ਦੇ ਨਾਲ ਹੀ ਦੇਹੁਰੇ ਤੇ ਮਸੀਤ ਦੇ ਨਾਲ ਜੁੜੇ ਧਾਰਮਿਕ ਝਗੜੇ ਦਾ ਖੰਡਨ ਕਰਦੇ ਹੋਏ, ਬਿਧੀ ਗਿਆਨ ਤੇ ਧਾਰਮਿਕ ਸਿਧਾਂਤ ਦੀ ਗੱਲ ਕਰਦੇ ਹਨ ਕਿ ਉਨ੍ਹਾਂ ਦਾ ਇਸ਼ਟ ਦੇਹੁਰੇ ਤੇ ਮਸੀਤ ਜਾਂ ਹਰ ਪ੍ਰਕਾਰ ਦੀ ਸੰਪ੍ਰਦਾਇ ਤੋਂ ਉੱਪਰ ਹੈ :

ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

(ਬਿਲਾਵਲੁ ਗੋਂਡ ਨਾਮਦੇਊ ਜੀ, ਪੰਨਾ ੮੭੪-੭੫)

ਗੁਰਮਤਿ ਸਿਧਾਂਤ ਨੂੰ ਦ੍ਰਿੜ੍ਹ ਕਰਨ ਲਈ ਵੀ ਮਿਸਾਲ ਤੇ ਪ੍ਰਮਾਣ ਵਜੋਂ ਪ੍ਰਚਲਤ ਇਤਿਹਾਸਕ ਜਾਂ ਮਿਥਿਹਾਸਕ ਪ੍ਰਸੰਗ ਵਿਚੋਂ ਸੰਕੇਤ ਮਿਲਦੇ ਹਨ। ਜਿਵੇਂ ਵਾਹਿਗੁਰੂ ਦੇ 'ਗੋਬਿੰਦ ਭਾਉ ਭਗਤਿ ਦਾ ਭੁਖਾ'* ਹੋਣ ਲਈ ਸ੍ਰੀ ਕ੍ਰਿਸ਼ਨ ਜੀ ਤੇ ਬਿਦਰ ਦੀ ਪ੍ਰਚਲਤ ਕਥਾ ਵੱਲ ਇਸ਼ਾਰਾ ਭਗਤ ਕਬੀਰ ਜੀ ਦੇ ਇਸ ਸ਼ਬਦ ਵਿਚ ਮਿਲਦਾ ਹੈ :

ਰਾਜਨ ਕਉਨੁ ਤੁਮਾਰੈ ਆਵੈ ॥
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥

* ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੭


www.AKJ.Org

ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ॥੧॥
ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥

(ਮਾਰੂ ਕਬੀਰ ਜੀਉ, ਪੰਨਾ ੧੧੦੫)

ਇਸੇ ਤਰ੍ਹਾਂ ਪਰਮਾਤਮਾ ਦੇ ਹਮੇਸ਼ਾ ਭਗਤਾਂ ਦੀ ਪੈਜ ਰੱਖਣ ਤੇ ਅੰਤ ਸਹਾਈ ਹੋਣ ਦੇ ਆਚਰਨ ਨੂੰ ਦ੍ਰਿੜ੍ਹ ਕਰਨ ਲਈ ਸ੍ਰੀ ਗੁਰੂ ਰਾਮਦਾਸ ਜੀ ਹਰਿਨਾਖਸ਼ ਤੇ ਪ੍ਰਹਿਲਾਦ ਦੀ ਪੁਰਾਣਕ ਕਥਾ ਤੇ ਨਾਮਦੇਵ ਦੀ ਇਤਿਹਾਸਕ ਕਥਾ ਵਲ ਸੰਕੇਤ ਕਰਦੇ ਹਨ—

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥ (ਪੰਨਾ ੪੫੧)

ਗੁਰੂ ਅਰਜਨ ਦੇਵ ਜੀ 'ਨਾਮ' ਦੇ ਅਉਖਧ ਰੂਪ ਅਤੇ ਪ੍ਰਭੂ ਪਰਮੇਸ਼ਰ ਦੀ ਕਿਰਪਾ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਨ ਲਈ ਬਾਲ ਹਰਿਗੋਬਿੰਦ ਦੇ ਸੀਤਲਾ ਦੇ ਮਾਰੂ ਹਮਲੇ ਤੋਂ ਬਚ ਜਾਣ ਦਾ ਪ੍ਰਮਾਣ ਦਿੰਦੇ ਹਨ :

ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪੁ ॥੧॥ਰਹਾਉ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥੨੪॥

(ਗੂਜਰੀ ਮ: ੫, ਪੰਨਾ ੫੦੦)

ਇਸੇ ਤਰ੍ਹਾਂ ਸੁਲਹੀ ਦੇ ਹਮਲੇ ਵੇਲੇ, ਸੁਝਾਏ ਗਏ ਸਭ ਤਰੀਕਿਆਂ ਤੇ ਉਪਾਵਾਂ ਨੂੰ ਛਡਦੇ ਹੋਏ, "ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ"* ਦੁਆਰਾ "ਤੂੰ ਮੇਰੀ ਓਟ ਤੂੰ ਹੈ ਦੀਬਾਣੁ"* ਦੇ ਗੁਰਮਤਿ ਸਿਧਾਂਤ ਦੀ ਆਪਣੀ ਨਿੱਜੀ ਮਿਸਾਲ ਦੁਆਰਾ ਪੁਸ਼ਟੀ ਕਰਦੇ ਹਨ।

ਗੁਰਮਤਿ ਵਿਚ ਸਾਖੀ ਦਾ ਸਥਾਨ ਗੁਰਮਤਿ ਸਿਧਾਂਤ ਉਸਾਰਨ ਲਈ ਨਹੀਂ, ਸਗੋਂ ਇਹ ਤਾਂ ਗੁਰੂ ਸਾਹਿਬਾਨ ਦੀ ਗੁਰਮਤਿ ਸਿਧਾਂਤ ਅਨੁਸਾਰ ਜੀਵਨ ਜੀਉਣ ਦੀ ਜੁਗਤੀ ਦੇ ਪ੍ਰਮਾਣ ਵਜੋਂ ਹੈ। ਇਹ ਗੁਰਮਤਿ ਸਿਧਾਂਤ ਦੇ ਅਮਲੀ, ਯਥਾਰਥਕ ਤੇ ਮਾਨਵੀ ਪੱਖ ਨੂੰ ਪੇਸ਼ ਕਰਦੀਆਂ ਹਨ, ਸਿਧਾਂਤ ਦੀ ਪ੍ਰੌੜ੍ਹਤਾ ਲਈ ਗੁਰੂ ਸਾਹਿਬਾਨ ਦੇ ਆਪਣੇ ਜੀਵਨ ਦੀ ਗਵਾਹੀ ਪੇਸ਼ ਕਰਦੀਆਂ ਹਨ। ਇਸੇ ਲਈ ਇਨ੍ਹਾਂ ਨੂੰ ਕਹਾਣੀਆਂ ਨਹੀਂ, ਸਾਖੀਆਂ ਕਿਹਾ ਜਾਂਦਾ ਹੈ। ਇਹ ਗੁਰਮਤਿ ਸਿਧਾਂਤ ਨੂੰ ਉਸਾਰਦੀਆਂ ਨਹੀਂ, ਸਗੋਂ ਉਸ ਦੀਆਂ ਅਨੁਸਾਰੀ ਹਨ ਤੇ ਉਸ ਦੀ ਪੁਸ਼ਟੀ ਦਾ ਸਬੂਤ ਹਨ।

ਸਪੱਸ਼ਟ ਹੀ ਗੁਰੂ ਸਾਹਿਬਾਨ ਨੇ, ਗੁਰਮਤਿ ਸਿਧਾਂਤ ਨੂੰ ਸ਼ਬਦ ਰੂਪ ਵਿਚ ਪੇਸ਼ ਕਰ ਕੇ ਅਤੇ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਰੂਪ ਵਿਚ ਅੰਕਤ ਕਰ ਕੇ, ਦੂਸਰੇ ਧਰਮਾਂ ਵਲੋਂ ਸਾਖੀ (ਕਹਾਣੀ) ਤੋਂ ਸਿਧਾਂਤ ਉਸਾਰਨ ਦੀ ਪਰਪਾਟੀ ਨੂੰ ਉਲਟਾ ਦਿੱਤਾ ਤੇ ਸਿੱਧਾ ਹੀ ਸਿਧਾਂਤ ਦਾ ਗੁਰਬਾਣੀ ਦੁਆਰਾ ਐਲਾਨ ਕਰ ਕੇ, ਉਸ ਸਿਧਾਂਤ ਅਨੁਸਾਰ ਜੀਵਨ ਜੀਉਣ ਦੀ ਰੀਤ ਚਲਾਈ। ਧਰਮ ਦਾ ਮੰਤਵ ਹੀ ਧਾਰਮਿਕ ਸਿਧਾਂਤ ਅਨੁਸਾਰ ਜੀਵਨ ਜੀਉਣਾ ਹੈ।

ਪੁਸ਼ਟੀ ਕਰਨ ਵਾਲਾ ਪ੍ਰਮਾਣ ਕਦੀ ਵੀ ਸਿਧਾਂਤ ਦੀ ਥਾਂ ਨਹੀਂ ਲੈ ਸਕਦਾ। ਇਸ ਲਈ ਸਾਖੀ ਕਦੀ ਵੀ ਗੁਰ-ਸ਼ਬਦ ਜਾਂ ਗੁਰੂ ਦੇ ਹੁਕਮ ਦੀ ਥਾਂ ਨਹੀਂ ਲੈ ਸਕਦੀ। ਇਸੇ ਲਈ ਗੁਰੂ ਨਾਨਕ ਦੇਵ ਸਾਖੀ

* ਆਸਾ ਮ: ੫, (ਪੰਨਾ ੩੭੧)



www.AKJ.Org

ਨੂੰ ਜੀਵਨ-ਜੁਗਤੀ ਦੇ ਤੌਰ ਤੇ ਅਪਣਾਉਣ ਤੋਂ ਜੋਰਦਾਰ ਸ਼ਬਦਾਂ ਵਿਚ ਮਨ੍ਹਾ ਕਰਦੇ ਹੋਏ ਫ਼ੁਰਮਾਂਦੇ ਹਨ :

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥੨੭॥

(ਰਾਮਕਲੀ ਮ: ੧, ਪੰਨਾ ੯੩੩)

ਇਸ ਦਾ ਮੁਖ ਕਾਰਨ ਇਹ ਹੈ ਕਿ ਗੁਰੂ ਦੀ ਕਰਨੀ ਦਾ ਰਹੱਸ, ਮੁਕੰਮਲ ਰੂਪ ਵਿਚ ਕੇਵਲ ਗੁਰੂ ਹੀ ਜਾਣਦਾ ਹੈ। ਸਾਖੀ ਤਾਂ ਕਿਸੇ ਖ਼ਾਸ ਪ੍ਰਸਥਿਤੀ ਦਾ ਵਰਣਨ ਕਰਦੀ ਹੈ। ਪ੍ਰਸਥਿਤੀ ਦੂਸਰੇ ਹਾਲਾਤ ਵਿਚ, ਜਾਂ ਦੂਸਰੇ ਬੰਦੇ ਦੇ ਸੰਬੰਧ ਵਿਚ ਇੰਨ ਬਿੰਨ ਉਸੇ ਤਰ੍ਹਾਂ ਦੀ ਨਹੀਂ ਹੋ ਸਕਦੀ, ਜਿਸ ਪ੍ਰਸਥਿਤੀ ਵਿਚ ਗੁਰੂ ਸਾਹਿਬ ਨੇ ਇਕ ਖ਼ਾਸ ਕਾਰਜ ਜਾਂ ਕਰਣੀ ਕੀਤੀ ਹੈ। ਯਾਦ ਰਹੇ ਕਿ ਕੋਈ ਵੀ ਦੋ ਜੀਅ ਇਕੋ ਜਿਹੇ ਨਹੀਂ ਹੋ ਸਕਦੇ, ਕੋਈ ਵੀ ਦੋ ਪ੍ਰਸਥਿਤੀਆਂ, ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਇਸ ਲਈ ਸਾਖੀ ਦਾ ਪਿਛਾ ਕਰਨਾ ਨਿਸ਼ਾਨੇ ਤੋਂ ਭਟਕ ਜਾਣ ਤੇ ਕੁਰਾਹੇ ਪੈ ਜਾਣ ਵਾਲੀ ਗੱਲ ਹੋਵੇਗੀ। ਗੁਰੂ ਦਾ ਬਚਨ ਤਾਂ ਡੂੰਘੇ ਤਜਰਬੇ ਦੇ ਆਧਾਰ ਉਤੇ ਸਰਬ ਸਾਂਝਾ (*generalized*) ਸਿਧਾਂਤਿਕ ਆਦੇਸ਼ ਹੁੰਦਾ ਹੈ। ਸਾਖੀ ਤਾਂ ਸੰਦਰਭ ਨੂੰ ਸੰਕੁਚਿਤ ਕਰਦੀ ਹੈ, ਪਰ ਸਿਧਾਂਤ/ਗੁਰ ਸ਼ਬਦ ਸਰਬ ਸਾਂਝੀ ਤੇ ਸਦੀਵੀ ਸਚਾਈ ਹੁੰਦਾ ਹੈ। ਇਸ ਲਈ ਜੀਵਨ-ਜੁਗਤੀ ਲਈ ਗੁਰੂ ਦੇ ਹੁਕਮ ਨੂੰ, ਸ਼ਬਦ ਨੂੰ, ਚੰਗੀ ਤਰ੍ਹਾਂ ਘੋਖਣ ਤੇ ਸਮਝ ਕੇ, ਉਸ ਦੇ ਅਨੁਸਾਰੀ ਹੋਣ ਦਾ ਹੁਕਮ ਗੁਰੂ ਅਮਰ ਦਾਸ ਜੀ ਨੇ ਦਿਤਾ ਹੈ—

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥੨॥੩॥ (ਪੰਨਾ ੮੩੨)

ਇਹ 'ਸਹਜ ਦਾ ਘਰ' ਪ੍ਰਸਥਿਤੀਆਂ ਤੇ ਵਿਅਕਤੀਆਂ, ਸਮੇਂ, ਸਥਾਨ ਤੋਂ ਉੱਪਰ ਹੈ, ਸਰਬ ਸਾਂਝਾ ਹੈ। ਲੋੜ ਕੇਵਲ ਇਸ ਨੂੰ ਸਮਝਣ ਤੇ ਗ੍ਰਹਿਣ ਕਰਨ ਦੀ ਹੈ।

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਧਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧-੦੦ |
| Dawn of Divine wisdom | 0·75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | | ੨-੦੦ |

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੭)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

**ਅਬਦੁਸੱਮਦ ਖ਼ਾਨ ਦਲੇਰ-ਇ-ਜੰਗ ਸਿੱਖਾਂ ਦੇ ਦਮਨ ਵਿਚ ਅਸਫਲ—**

ਬੰਦਾ ਸਿੰਘ ਬਹਾਦਰ ਦਾ ਗੁਰਦਾਸ ਨੰਗਲ ਦੇ ਘੇਰੇ ਚੋਂ ਫੜੇ ਜਾਣਾ ਅਬਦੁਸੱਮਦ ਖ਼ਾਨ ਲਈ ਬੜੀ ਵੱਡੀ ਜਿੱਤ ਸੀ। ਫੜੇ ਗਏ ਸਾਰੇ ਸਿੰਘਾਂ ਸਮੇਤ, ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਫ਼ਰਖਸੀਅਰ ਨੇ ਸੂਬੇਦਾਰ ਲਾਹੌਰ ਨੂੰ ਤਾਕੀਦੀ ਹੁਕਮ ਦਿਤਾ ਕਿ ਸਿੱਖ ਨਾਮ ਦੀ ਚੀਜ਼ ਦੁਨੀਆ ਦੇ ਤਖ਼ਤੇ ਤੋਂ ਨੇਸਤੋ-ਨਾਬੂਦ ਕਰ ਦਿਤੀ ਜਾਵੇ। ਬਾਦਸ਼ਾਹ-ਦਿੱਲੀ ਤੇ ਸੂਬੇਦਾਰ-ਲਾਹੌਰ ਲਈ ਹੁਣ ਅਮਨ ਦੀਆਂ ਘੜੀਆਂ ਸਨ। ਬਾਹਰੋਂ ਕਿਸੇ ਹਮਲੇ ਦਾ ਕੋਈ ਡਰ ਨਹੀਂ ਸੀ। ਮੁਲਕ ਅੰਦਰ ਵੀ ਅਮਨ ਅਮਾਨ ਸੀ। ਹੁਣ ਸਾਰੀ ਤਵੱਜੋ ਸਿੱਖਾਂ ਦੇ ਮਾਰ ਮੁਕਾਉਣ ਵੱਲ ਕੀਤੀ ਗਈ। ਮੁਲਕ ਵਿਚ ਫੈਲੀ ਬਦ-ਅਮਨੀ ਵੀ ਅਲੋਪ ਹੋ ਗਈ। ਲੋਕ ਕੰਮਾਂ ਕਾਰਾਂ ਵਿਚ ਰੁਝ ਗਏ, ਖੇਤ-ਵਾੜੀ ਵੀ ਖ਼ੂਬ ਵਧੀ ਫਲੀ। ਪੰਜਾਬ ਵਿਚ ਲਹਿਰ ਬਹਿਰ ਹੋ ਗਈ। ਸਿੱਖ ਵੀ ਮਾਰ ਕੁਟ ਕੇ ਪਿੰਡਾਂ ਪੀੜਾਂ ਚੋਂ ਕੱਢ ਦਿਤੇ ਗਏ ਸਨ। ਦੇਸ ਵਿਚ ਪੂਰੀ ਚੁਪ ਚਾਂ ਨਜ਼ਰ ਆਉਂਦੀ ਸੀ। ਅਬਦੁਸੱਮਦ ਖ਼ਾਨ ਨੂੰ ਹੁਣ ਕੋਈ ਫ਼ਿਕਰ ਚਿੰਤਾ ਨਹੀਂ ਸੀ ਰਹੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦਾ ਖ਼ਤਰਾ ਉਸ ਨੇ ਬਹੁਤ ਹੱਦ ਤਕ ਮੁਕਾ ਦਿਤਾ ਸੀ। ਪਰ ਇਹ ਖ਼ਾਮੋਸ਼ੀ ਉਸ ਖ਼ਾਮੋਸ਼ੀ ਵਰਗੀ ਸੀ, ਜੋ ਕਿਸੇ ਆਉਣ ਵਾਲੇ ਤੂਫ਼ਾਨ ਤੋਂ ਪਹਿਲਾਂ ਹੋਇਆ ਕਰਦੀ ਹੈ। ਇਸ ਨੂੰ ਸਿੱਖਾਂ ਦਾ ਸਮੂਲਚਾ ਸਦੀਵੀ ਖ਼ਾਤਮਾ ਸਮਝ ਕੇ ਸੂਬੇਦਾਰ ਲਾਹੌਰ ਅਬਦੁਸੱਮਦ ਖ਼ਾਨ ਕੁਝ ਢਿਲਾ ਪੈ ਗਿਆ। ਅੱਠੋ ਪਹਿਰ ਦੀ ਕਰੜੀ ਨਿਗਰਾਨੀ ਛੱਡ ਕੇ ਸ਼ਿਕਾਰ ਤੇ ਹੋਰ ਸ਼ੁਗ਼ਲ-ਮੇਲਿਆਂ ਵਿਚ ਖਚਿਤ ਹੋ ਗਿਆ। ਉਸ ਦੇ ਵੇਖੋ-ਵੇਖੀ ਬਾਕੀ ਅਫ਼ਸਰ, ਆਮਲ, ਅਹਿਲਕਾਰ ਵੀ ਢਿੱਲੇ ਪੈ ਗਏ। ਰੋਜ਼ ਰੋਜ਼ ਦੀ ਗਸ਼ਤ ਵੀ ਰੁਕ ਗਈ। ਸਿੱਖਾਂ ਵਾਸਤੇ ਇਹੋ ਜਿਹਾ ਮੌਕਾ ਬੜਾ ਅਨਕੂਲ ਸੀ। ਫਿਰ ਉਠੇ ਤੇ ਮਾਰ ਧਾੜ ਦਾ ਬਾਜ਼ਾਰ ਗਰਮ ਹੋ ਗਿਆ। ਸਾਰੇ ਦੇਸ ਵਿਚ ਸਿਰਿਓਂ ਸਿਰੀ ਅੱਜ ਐਥੇ ਪਏ, ਕਲ੍ਹ ਔਥੇ ਪਏ, ਦੇ ਚਰਚੇ ਹੋਣ ਲੱਗੇ। ਕਨ੍ਹਈਆ ਨਾਲ ਕਹਿੰਦਾ ਹੈ ਕਿ ਸਿੱਖ ਆਪਣੀਆਂ ਸਰਕਾਰ-ਵਿਰੋਧੀ ਕਾਰਵਾਈਆਂ ਵਿਚ ਏਨੇ ਦੀਦਾ-ਦਲੇਰ ਹੋ ਗਏ ਕਿ ਦਿਨ ਦੀਵੀਂ ਨਗਰਾਂ ਤੇ ਸ਼ਹਿਰਾਂ ਵਿਚ ਆਣ ਵੜਦੇ ਤੇ ਦੁਕਾਨਾਂ ਬਾਜ਼ਾਰ ਲੁਟ ਪੁਟ, ਮਾਲ ਘੋੜਿਆਂ ਉੱਤੇ ਰੱਖ ਕੇ ਵੇਖਦਿਆਂ ਵੇਖਦਿਆਂ ਹਵਾ ਹੋ ਜਾਂਦੇ। ਨਦੀ ਨਾਲਿਆਂ ਦੇ ਕੰਢੇ ਧੋਬੀ-ਘਾਟ ਜਾਂ ਖੂਹਾਂ ਤੇ ਧੁਪਦੇ ਕਪੜੇ ਖੋਹ ਖਿੰਜ ਲੈ ਜਾਂਦੇ।[੧] ਚੋਧਰੀਆਂ, ਨੰਬਰਦਾਰਾਂ ਤੇ ਸਰਕਾਰੀ ਹਮਾਇਤੀਆਂ ਦੇ ਡੇਰੇ ਤੇ ਪਸ਼ੂਆਂ ਵਾਲੇ ਵਾੜੇ ਉਨ੍ਹਾਂ ਦੇ ਖ਼ਾਸ ਨਿਸ਼ਾਨੇ ਬਣਦੇ। ਲਵੇਰੀਆਂ ਮੱਝਾਂ ਗਾਵਾਂ ਤੇ ਵਧੀਆਂ ਘੋੜੇ ਘੋੜੀਆਂ ਖੋਲ੍ਹ ਕੇ ਦੂਰ-ਦੁਰਾਡੇ ਜੰਗਲਾਂ ਬੇਲਿਆਂ ਜਾਂ ਛੰਭਾਂ ਵਿਖੇ, ਜਿਥੇ ਉਨ੍ਹਾਂ ਦੇ ਲੁਕਣ-ਥਾਂ ਹੁੰਦੇ ਸਨ, ਲੈ ਜਾਂਦੇ। ਇਉਂ ਇਹ ਕਪੜੇ ਲੱਤੇ ਤੇ ਆਪਣੀ ਖਾਧ ਖ਼ੁਰਾਕ ਦਾ ਪ੍ਰਬੰਧ ਕਰ ਲੈਂਦੇ। ਇਸ ਤਰ੍ਹਾਂ ਮੱਚੀ ਹਾਹਾਕਾਰ ਦੀਆਂ ਖ਼ਬਰਾਂ ਨਿੱਤ ਦਿਹਾੜੇ ਦਿੱਲੀ ਬਾਦਸ਼ਾਹ ਨੂੰ ਪੁਜਣ ਲੱਗੀਆਂ। ਮੁਹੰਮਦ ਸ਼ਾਹ ਨੇ ਅਬਦੁਸੱਮਦ ਖ਼ਾਨ ਨੂੰ ਸਖ਼ਤ ਤਾੜਨਾ ਕੀਤੀ ਕਿ ਇਸ ਬਦ-ਅਮਨੀ ਤੇ ਕਾਬੂ ਪਾਵੇ, ਪਰ ਉਸ ਤੋਂ ਸਰਿਆ ਕੁਝ ਨਾ, ਹਾਲਾਤ ਅੱਗੇ ਨਾਲੋਂ ਵੀ ਭੈੜੇ ਹੁੰਦੇ ਗਏ।

**ਅਬਦੁਸੱਮਦ ਖ਼ਾਨ ਦੀ ਥਾਂ ਜ਼ਕਰੀਆ ਖ਼ਾਨ ਲਾਹੌਰ ਦਾ ਗਵਰਨਰ ਬਣਿਆ—**

ਪੰਜਾਬ ਵਿਚ ਸਿੱਖਾਂ ਵਲੋਂ ਕੀਤੀ ਜਾ ਰਹੀ ਉਥੱਲ ਪੁਥੱਲ ਦੀਆਂ ਨਿਤ ਦਿਹਾੜੀ ਦੀਆਂ ਸ਼ਿਕਾਇਤਾਂ ਤੋਂ ਬਾਦਸ਼ਾਹ ਦੁਖੀ ਸੀ। ਪੰਜਾਬ ਦਾ ਗਵਰਨਰ ਤਾਂ ਬਿਲਕੁਲ ਲਮ-ਲੇਟ ਹੋਇਆ ਪਿਆ ਸੀ। ਦੋਹਾਂ ਪਿਉ ਪੁਤਾਂ ਵਿਚਕਾਰ, ਭਾਵ, ਆਪਣੇ ਪੁੱਤਰ ਜ਼ਕਰੀਆ ਖਾਂ ਨਾਲ ਵੀ ਉਸ ਦੀ ਇਕ-ਸੁਰਤਾ ਨਹੀਂ ਸੀ।



www.AKJ.Org

ਜ਼ਕਰੀਆ ਖ਼ਾਨ ਇਕ ਯੋਗ ਪ੍ਰਬੰਧਕ ਸੀ ਤੇ ਸਿੱਖਾਂ ਦਾ ਡਾਢਾ ਜਾਨੀ ਦੁਸ਼ਮਣ । ਪਹਿਲਾਂ ਇਹ ੧੭੧੩ ਈ: ਤੋਂ ੧੭੨੦ ਤੱਰ ਜੰਮੂੰ ਦਾ ਤੇ ਫਿਰ ੧੭੨੦ ਈ: ਤੋਂ ੧੭੨੬ ਈ: ਤਕ ਕਸ਼ਮੀਰ ਦਾ ਗਵਰਨਰ ਰਹਿ ਚੁਕਾ ਸੀ । ਦੋਹਾਂ ਪ੍ਰਾਤਾਂ ਵਿਚ ਇਸ ਨੇ ਅਮਨ ਅਮਾਨ ਰਖਿਆ ਸੀ ਤੇ ਇਸ ਨੂੰ ਕਾਮਯਾਬ ਅਫ਼ਸਰ ਮੰਨਿਆ ਜਾਂਦਾ ਸੀ । ਇਹ ਦਿੱਲੀ ਦੇ ਵੱਡੇ ਵਜ਼ੀਰ ਕਮਰੁਦੀਨ ਖਾਨ ਦੀ ਭੈਣ ਨਾਲ ਵਿਆਹਿਆ ਹੋਇਆ ਸੀ । ਗੁਰਦਾਸ ਨੰਗਲ ਦੇ ਘੇਰੇ ਵੇਲੇ ਇਸ ਨੇ ਆਪਣੀ ਲਿਆਕਤ ਤੇ ਬਹਾਦਰੀ ਦਾ ਦਿੱਲੀ ਦਰਬਾਰ ਨੂੰ ਚੰਗਾ ਸਬੂਤ ਦਿਤਾ ਸੀ । ਇਸ ਦੀ ਲਾਹੌਰ ਦਾ ਗਵਰਨਰ ਬਣਨ ਦੀ ਚਿਰੋਕਣੀ ਖ਼ਾਹਿਸ਼ ਸੀ । ਇਹ ਦਿੱਲੀ ਗਿਆ ਤੇ ਆਪਣੇ ਸਾਲੇ ਵੱਡੇ ਵਜ਼ੀਰ ਦੇ ਰਸੂਖ਼ ਨਾਲ ਬਾਦਸ਼ਾਹ ਤਕ ਰਸਾਈ ਕੀਤੀ ਤੇ ਅਰਜ਼ੀ ਦਿਤੀ ਕਿ ਜੇ ਉਸ ਨੂੰ ਪੰਜਾਬ ਦੀ ਸੂਬੇਦਾਰੀ ਦੇ ਦਿਤੀ ਜਾਵੇ ਤਾਂ ਉਹ ਸਿੱਖਾਂ ਨੂੰ ਕੁਚਲ ਕੇ ਬਿਲਕੁਲ ਅਮਨ ਕਾਇਮ ਕਰ ਦੇਵੇਗਾ । ਬਾਦਸ਼ਾਹ ਤਾਂ ਅਬਦੁਸੱਮਦ ਖ਼ਾਨ ਤੋਂ ਪਹਿਲਾਂ ਹੀ ਚਿੜਿਆ ਹੋਇਆ ਸੀ, ਵਜ਼ੀਰ ਦੀ ਸਿਫ਼ਾਰਸ਼ ਨੇ ਹੋਰ ਵੀ ਅਸਰ ਕੀਤਾ ਤੇ ਜ਼ਕਰੀਆ ਖ਼ਾਨ ਦੇ ਨਾਂ ੧੭੨੬ ਈ: ਨੂੰ ਲਾਹੌਰ ਦੀ ਸੂਬੇਦਾਰੀ ਸੱਨਦ ਜਾਰੀ ਹੋ ਗਈ । ਬਾਦਸ਼ਾਹ ਨੇ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ : ਇਕ ਸੂਬਾ ਲਾਹੌਰ ਤੇ ਦੂਸਰਾ ਮੁਲਤਾਨ । ਅਬਦੁਸੱਮਦ ਖ਼ਾਨ ਨੂੰ ਮੁਲਤਾਨ ਦੀ ਗਵਰਨਰੀ ਦੇ ਦਿਤੀ ਗਈ । ਜ਼ਕਰੀਆ ਖ਼ਾਨ ਨੂੰ ਲਾਹੌਰ ਦੀ ਗਵਰਨਰੀ ਦੇ ਨਾਲ ਬਾਦਸ਼ਾਹ ਵਲੋਂ ਖ਼ਾਨ ਬਹਾਦਰ ਦਾ ਖ਼ਿਤਾਬ ਵੀ ਦਿਤਾ ਗਿਆ, ਇਤਿਹਾਸ ਵਿਚ ਇਹ ਇਸ ਨਾ ਨਾਲ ਪ੍ਰਸਿੱਧ ਹੈ । ਇਹ ੧੭੨੬ ਈ: ਤੋਂ ਲੈ ਕੇ ਜੁਲਾਈ ੧੭੪੬ ਤੱਕ ਲਾਹੌਰ ਦਾ ਗਵਰਨਰ ਰਿਹਾ ।

ਅਬਦੁਸੱਮਦ ਖ਼ਾਨ ਜਦ ੧੭੩੭ ਈ: ਵਿਚ ਮੁਲਤਾਨ ਵਿਖੇ ਮਰ ਗਿਆ ਤਾਂ ਮੁਲਤਾਨ ਦੀ ਗਵਰਨਰੀ ਵੀ ਜ਼ਕਰੀਆ ਖ਼ਾਨ ਦੇ ਨਾਂ ਕਰ ਦਿੱਤੀ ਗਈ ।

**ਜ਼ਕਰੀਆ ਖ਼ਾਨ ਦਾ ਦੌਰ—**

ਜ਼ਕਰੀਆ ਖ਼ਾਨ ਬੜੀ ਸਖ਼ਤ ਤਬੀਅਤ ਦਾ ਹਾਕਿਮ ਸੀ । ਜੰਮੂ ਤੇ ਕਸ਼ਮੀਰ ਦੀ ਸੂਬੇਦਾਰੀ ਵੇਲੇ ਉਸ ਨੇ ਐਸਾ ਪ੍ਰਬੰਧ ਕੀਤਾ ਸੀ ਕਿ ਕਿਸੇ ਨੂੰ ਸਿਰ ਨਾ ਚੁਕਣ ਦਿਤਾ । ਉਹ ਸਫਲ ਅਨੁਸ਼ਾਸਨੀ ਅਫ਼ਸਰ ਮੰਨਿਆ ਜਾਂਦਾ ਸੀ । ਇਹ ਆਪਣੇ ਪਿਉ ਵਾਂਗ ਆਲਸੀ ਤੇ ਔਖ ਵੇਲੇ ਜੀਅ ਚੁਰਾਉਣ ਵਾਲਾ ਸ਼ਖ਼ਸ ਨਹੀਂ ਸੀ । ਲਾਹੌਰ ਦੀ ਸੂਬੇਦਾਰੀ ਇਸ ਨੇ ਮੂੰਹੋਂ ਮੰਗ ਕੇ ਲਈ ਸੀ । ਪਹਿਲਾਂ ਸੁਣਦਾ ਤੇ ਫਿਰ ਬੰਦਾ ਸਿੰਘ ਵੇਲੇ ਸਿੱਖਾਂ ਦੇ ਹੱਥ ਵੇਖ ਚੁਕਿਆ ਸੀ । ਉਸ ਨੇ ਸਿੱਖਾਂ ਨੂੰ ਕਤਈ ਤੌਰ ਤੇ ਦੁਨੀਆ ਚੋਂ ਮੁਕਾ ਦੇਣ ਦੀ ਧਾਰ ਲਈ । ਆਪਣੇ ਪਿਉ ਵੇਲੇ ਦੀ ਸਿੱਖਾਂ ਵਿਰੁਧ ਲਾਈ ਫ਼ੌਜ ਨੂੰ ਨਵੇਂ ਸਿਰਿਓਂ ਮਜ਼ਬੂਤ ਲੀਹਾਂ ਤੇ ਲਾਮਬੰਦ ਕੀਤਾ ਤੇ ਹੋਰ ਨਵੀਂ ਭਰਤੀ ਕਰ ਕੇ ਇਸ ਦੀ ਗਿਣਤੀ ੨੦,੦੦੦ ਕਰ ਦਿਤੀ ।੨

ਅੱਧੀ ਫੌਜ ਤਾਂ ਲਾਹੌਰ ਰੱਖੀ ਤੇ ਅੱਧੀ ਨੂੰ ਦਸ ਹਿੱਸਿਆਂ ਵਿਚ ਵੰਡ ਕੇ ਪ੍ਰਾਂਤ ਦੇ ਵਖ ਵਖ ਥਾਵਾਂ ਤੇ ਤਈਨਾਤ ਕਰ ਦਿਤਾ । ਇਨ੍ਹਾਂ ਨੂੰ ਤੇਜ਼ ਰਫ਼ਤਾਰ ਘੋੜੇ, ਊਠ ਅਤੇ ਊਠਾਂ ਤੇ ਬੀੜੀਆਂ ਜਾਣ ਵਾਲੀਆਂ ਛੋਟੀਆਂ ਹੌਲੀਆਂ ਤੋਪਾਂ ਨਾਲ ਲੈਸ ਕੀਤਾ । ਇਨ੍ਹਾਂ ਦਸ ਜਥਿਆਂ ਨੂੰ ਹੁਕਮ ਸੀ ਕਿ ਜਿਥੇ ਕਿਤੇ ਸਿਖ ਨਜ਼ਰ ਆਉਣ, ਤੇਜ਼ੀ ਨਾਲ ਕੂਚ ਕਰਕੇ ਉਨ੍ਹਾਂ ਉਤੇ ਟੁਟ ਪੈਣ ਤੇ ਕੈਦ ਕਰ ਕੇ ਲਾਹੌਰ ਪਹੁੰਚਾ ਦਿਆ ਕਰਨ । ਦਿਨ ਰਾਤ ਮੁਲਕ ਭਰ ਵਿਚ ਫੇਰਾ ਤੋਰਾ ਰਖਣ । ਸਿੱਖਾਂ ਨੂੰ ਸਿਰ ਨਾ ਚੁਕਣ ਦਿਤਾ ਜਾਵੇ । ਇਸ ਫ਼ੌਜ ਦਾ ਨਾਂ ਗਸ਼ਤੀ ਫ਼ੌਜ ਸੀ, ਭਾਵ ਤੁਰੀ ਫਿਰਨ ਵਾਲੀ ਫ਼ੌਜ, ਜੋ ਹਰ ਸਮੇਂ ਹਰਕਤ ਵਿਚ ਰਹਿੰਦੀ ਸੀ । ਲਾਹੌਰ ਵਿਚ ਰਖੀ ਗਈ ਬਾਕੀ ਅੱਧੀ ਫ਼ੌਜ ਹਮੇਸ਼ਾ ਤਿਆਰ ਰਹਿੰਦੀ ਸੀ ਤੇ ਜਿਧਰ ਲੋੜ ਪੈਂਦੀ, ਸਿੱਖਾਂ ਵਿਰੁਧ ਝੋਕ ਦਿਤੀ ਜਾਂਦੀ ।

ਖ਼ਾਨ ਬਹਾਦਰ ਨੇ ਬੜੇ ਥੋੜੇ ਜਿਹੇ ਸਮੇਂ ਵਿਚ ਅਮਨ ਅਮਾਨ ਤੇ ਆਪਣਾ ਰੁਅਬ ਦਾਬ ਕਾਇਮ ਕਰ ਲਿਆ । ਸਿੱਖਾਂ ਤੇ ਏਨੀ ਸਖ਼ਤੀ ਕੀਤੀ ਗਈ ਕਿ ਸਭ ਘਰ-ਘਾਟ ਛੱਡ ਕੇ ਜੰਗਲਾਂ ਤੇ ਪਹਾੜਾਂ ਦੀਆਂ ਖੱਡਾਂ ਵਿਚ ਜਾ ਲੁਕੇ । ਸਿੱਖਾਂ ਉਤੇ ਇਹ ਬੜੀ ਔਖ ਦਾ ਸਮਾਂ ਸੀ । ਪਰ ਇਸ ਸਖ਼ਤੀ ਨੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਥਾਂ ਮਜ਼ਬੂਤ ਕੀਤਾ । ਉਹ ਸਮਝਦੇ ਸਨ ਕਿ ਢੇਰੀ ਢਾਹ ਕੇ ਬੈਠਿਆਂ ਦੁਸ਼ਮਣ ਸਰਕਾਰ ਛੱਡੇਗੀ ਨਹੀਂ, ਮੈਦਾਨ



www.AKJ.Org

ਵਿਚ ਨਿਕਲ ਕੇ ਜੂਝਣਾ ਪਵੇਗਾ। ਜਿਸ ਨੇ ਵੀ ਪਾਇਆ, ਹੱਥ ਹਿਲਾ ਕੇ ਪਾਇਆ। ਭੋਂ-ਭਾਂਡਾ ਤਾਂ ਉਨ੍ਹਾਂ ਪਾਸ ਹੈ ਕੋਈ ਨਹੀਂ ਸੀ, ਹਾਂ ਦ੍ਰਿੜ੍ਹਤਾ, ਹੱਠ, ਅਕਾਲ ਪੁਰਖ ਤੋਂ ਬਾਅਦ ਸਵੈ-ਭਰੋਸਾ, ਉੱਦਮ, ਬਾਹੂ ਬਲ, ਭੁਖ ਤੇਹ ਜਰਨ ਤੇ ਸਬਰ ਸੰਤੋਖ ਦੀ ਅਮੁਕ ਦੌਲਤ ਨਾਲ ਮਾਲਾ ਮਾਲ ਸਨ। ਜਿਸ ਮਾਂ ਦੇ ਜਣੇ ਮੁਗਲ ਬੱਚੇ ਸਿੰਘਾਂ ਨੂੰ ਮਾਰ ਮੁਕਾਉਣ ਦੇ ਦਮਗਜੇ ਪਏ ਮਾਰਦੇ ਸਨ, ਉਨ੍ਹਾਂ ਨੂੰ ਸੁਣ ਕੇ ਭੈਭੀਤ ਹੋਣ ਦੀ ਥਾਂ, ਉਸ ਤੋਂ ਉਚੀ ਤੇ ਕੜਕਵੀਂ ਆਵਾਜ਼ ਵਿਚ ਵੰਗਾਰਵਾਂ ਨਾਅਰਾ ਮਾਰਿਆ। ਸਿੰਘਾਂ ਦੇ ਬਾਲ-ਬੱਚੇ ਨੂੰ ਗੁਲਾਮ ਲੌਂਡੀਆਂ ਬਣਾ ਲੈਣ ਦੇ ਦੁੱਕੋ ਬੀੜੀ ਫਿਰਦੇ ਸਨ। ਜਵਾਬ ਵਿਚ ਸਿੰਘ ਦੀ ਲਲਕਾਰ ਇਸ ਪ੍ਰਕਾਰ ਸੀ:

ਸੁਣ ਲੈ, ਸੁਣ ਲੈ, ਆਪ ਤੂੰ ਮੁਗਲਾਂ ਦੀ ਮਾਈ!
ਆਣ ਢੁਕੇ ਨੇ ਬੁਕਦੇ ਤੇਰੇ ਸਿੰਘ ਜੁਆਈ!
ਸੁਣ ਲੈ, ਸੁਣ ਲੇ, ਤੂੰ ਵੀ ਮੁਗਲਾਂ ਦੀਏ ਭੈਣੇ!
ਖੋਹ ਖ਼ਜ਼ਾਨੇ ਖੜਾਂਗੇ ਨਾਲੇ ਤੇਰੇ ਗਹਿਣੇ।

ਮੁਗਲਾਂ ਨੇ ਅੱਤਿਆਚਾਰ ਕਰਨ ਵਿਚ ਹੱਦ ਮੁਕਾ ਦਿਤੀ। ਸਿੰਘਾਂ ਮੁਗਲਾਂ ਦੀ ਟੈਂ ਨੂੰ ਛਿੱਤਰ ਦੀ ਨੋਕ ਤੇ ਵੀ ਨਾ ਲਿਆ। ਮੁਗਲੀਆ ਸਰਕਾਰ ਦੇ ਜਬਰ ਜ਼ੁਲਮ ਦੀਆਂ ਕਾਂਗਾਂ ਚੜ੍ਹ ਆਈਆਂ। ਸਿੰਘਾਂ ਦੀ ਪਿਆਰੀ ਜਨਮ-ਭੂਮੀ ਮਾਝਾ, ਪੰਜਾਬ ਦਾ ਜਿਗਰ, ਹਠੀਲੇ ਬਹਾਦਰਾਂ ਤੇ ਸਿਰ-ਲੱਥ ਸ਼ਾਹ-ਸਵਾਰਾਂ ਦੀ ਪਾਕ ਧਰਤੀ ਤਬਾਹ-ਬਰਬਾਦ ਕਰ ਦਿਤੀ ਗਈ। ਪਰ ਸਿੰਘਾਂ ਦਾ ਸਾਹਿਸ ਤੇ ਦ੍ਰਿੜ੍ਹਤਾ ਚਟਾਨ ਵਾਂਗ ਅਹਿੱਲ ਖੜੇ ਸਨ।

ਫਿਰਤਾ ਹੈ ਸੈਲ-ਇ-ਹਵਾਦਿਸ ਸੇ ਕੋਈ ਮਰਦੋਂ ਕਾ ਮੂੰਹ।
ਸ਼ੇਰ ਸੀਧਾ ਤੈਰਤਾ ਹੈ ਵਕਤ-ਇ-ਰਫ਼ਤਨ ਆਬ ਮੇਂ।

ਅਰਥਾਤ—ਸੰਸਾਰ ਦੀਆਂ ਭਿਆਨਕ ਮੁਸੀਬਤਾਂ ਤੇ ਦੁਰ-ਘਟਨਾਵਾਂ ਸੂਰਮਿਆਂ ਦਾ ਮੂੰਹ ਨਹੀਂ ਭੁਆ ਸਕਦੀਆਂ। ਦਰਿਆ ਦੀ ਤੇਜ਼ ਧਾਰਾ ਨੂੰ ਪਾਰ ਕਰਨ ਸਮੇਂ ਸ਼ੇਰ ਸਿੱਧਾ ਨੱਕ ਦੀ ਸੇਧ ਦੂਜੇ ਕੰਢੇ ਲਗਦਾ ਹੈ। ਤੇਜ਼ ਵਹਿਣ ਉਸ ਨੂੰ ਆਪਣੇ ਨਾਲ ਨਹੀਂ ਵਹਾ ਸਕਦਾ।

ਸਿੰਘਾਂ ਨੇ ਕੋਈ ਐਸਾ ਸ਼ਬਦ ਜ਼ਬਾਨ ਤੇ ਨਹੀਂ ਆਉਣ ਦਿਤਾ ਜੋ ਕਿਸੇ ਵੀ ਕਿਸਮ ਦੀ ਮਾਨਸਿਕ ਕਮਜ਼ੋਰੀ ਦਾ ਲਖਾਇਕ ਹੋਵੇ। ਹਰ ਬੋਲ ਚੜ੍ਹਦੀ ਕਲਾ ਵਾਲਾ ਤੇ ਆਪਣੀ ਜਿੱਤ ਦਾ ਸੂਚਿਕ। ਅਤੀ ਮੁਸੀਬਤ ਦੀਆਂ ਘੜੀਆਂ ਵਿਚ ਵੀ ਖੁਸ਼, ਸਦੀਵੀ ਖ਼ੁਸ਼ੀ ਖੇੜਾ ਉਨ੍ਹਾਂ ਦੇ ਜੀਵਨ ਦਾ ਓੜਨਾ ਵਿਛੌਣਾ ਬਣ ਗਿਆ। ਭੁੱਖ ਨਾਲ ਨਿਢਾਲ ਸਿੰਘ ਪੁਛਣ ਤੇ ਕਹਿੰਦਾ, ਚਹੁੰ ਦਿਨਾਂ ਤੋਂ ਕੜਾਕੇ ਦਾ ਪਹਿਰਾ ਹੈ, ਵਾਹਿਗੁਰੂ ਦੀ ਕਿਰਪਾ ਨਾਲ ਚੜ੍ਹਦੀ ਕਲਾ ਹੈ। ਮੌਤ ਦਾ ਵੀ ਸੋਗ ਨਹੀਂ ਮੰਨਿਆ—ਸਿੰਘ ਚੜ੍ਹਾਈ (ਹਮਲਾ) ਕਰ ਗਿਆ, ਅਕਾਲ ਚਲਾਣਾ ਕਰ ਗਿਆ, ਫਤਹ ਗਜਾ ਗਿਆ ਗੁਰੂ-ਚਰਨਾਂ ਵਲ ਵਹੀਰ ਘੱਤ ਗਿਆ। ਭੰਗ, ਸੁਖਾ ਪੰਜਾਬ ਵਿਚ ਬੜੀ ਮਿਕਦਾਰ ਵਿਚ ਉੱਗਦਾ ਹੈ। ਆਦਿ ਕਾਲ ਤੋਂ ਇਸ ਨੂੰ ਭੁਲੜ ਲੋਕ ਖਾਂਦੇ ਜਾਂ ਪੀਂਦੇ ਆ ਰਹੇ ਹਨ। ਹਿੰਦੂ ਮੁਸਲਮਾਨ ਦੁਨੀਆ ਤੋਂ ਅਟੰਕ ਰਹਿਣ ਵਾਲੇ ਪੀਰ ਫ਼ਕੀਰ ਤੇ ਸਾਧੂ ਸੰਤ ਅਖਵਾਂਦੇ ਲੋਕ ਬਿਨਾਂ ਸੰਕੋਚ ਇਸ ਨੂੰ ਵਰਤਦੇ ਆ ਰਹੇ ਹਨ। ਸਿੱਖਾਂ ਲਈ ਸਭ ਨਸ਼ੇ ਵਿਵਰਜਤ ਹਨ। ਤੰਬਾਕੂ ਨੂੰ ਜਗਤ-ਜੂਠ ਗਰਦਾਨਿਆ ਗਿਆ ਹੈ ਤੇ ਇਸ ਦਾ ਨਾਂ ਲੈਣਾ ਵੀ ਪਾਪ ਸਮਝਿਆ ਜਾਂਦਾ ਹੈ। ਪਤਾ ਨਹੀਂ ਕਿਸ ਮਾੜੀ ਘੜੀ ਕੁਝ ਸਿਖਾਂ ਨੂੰ ਭੰਗ "ਛਕਣ" ਦੀ ਲਿਲ੍ਹਕ ਲੱਗ ਗਈ। ਦਲਾਂ ਚੋ ਕਈ ਸਿੰਘ ਵੀ ਲਹਿਰਾ ਲੈਣ ਲੱਗ ਪਏ। ਸੁਖਾ ਰਗੜ ਕੇ ਪੁਣਨ ਤੋਂ ਪਿਛੋਂ ਜੋ ਨੁਗਦਾ ਰਹਿ ਜਾਂਦਾ, ਉਸ ਦਾ ਗੋਲਾ ਵੱਟ ਕੇ ਕੰਧ ਜਾਂ ਰੁਖ ਨੂੰ ਮਾਰਨ ਲਗੇ ਕਹਿੰਦੇ,"...... ਚੜ੍ਹਿਆ ਗੁਰੂ ਗੋਬਿੰਦ ਸਿੰਘ ਲੈ ਧਰਮ ਨਗਾਰਾ। (ਉਸ) ਮਾਰਿਆ ਨਰੰਗਾ ਤੁਰਕੜਾ, ਜਿਨ੍ਹ ਖਿਚਿਆ ਹੰਕਾਰਾ। ...ਸਿਰ ਨੀਵਾਂ ਕਰ, ਨੀਵਾਂ ਕਰ ਓਇ ਤੁਰਕਾ......" । ਇਹ ਮਾਰਿਆ ਹੋਇਆ ਗੋਲਾ ਮੁਗਲ ਸ਼ਕਤੀ ਦੇ ਕਲੇਜੇ ਤੇ ਵੱਜਾ ਮੰਨਿਆ ਜਾਂਦਾ ਹੈ। ਮੁਗਲ ਤਾਕਤ ਨੂੰ ਉਹ ਤੁੱਛ ਸਮਝਦੇ ਸਨ। ਆਪਣੇ ਵਲੋਂ ਉਹ ਵੈਰੀ ਤੇ ਰੋਜ਼ ਹੀ ਘੋਰ ਗੋਲਾਬਾਰੀ ਕਰਦੇ ਸਨ ਤੇ ਕਰਦੇ ਹਨ।



www.AKJ.Org

ਖ਼ਾਨ ਬਹਾਦਰ ਨੇ ਸਿੱਖਾਂ ਉਤੇ ਸਿਖਰ ਦੀ ਸਖ਼ਤੀ ਆਰੰਭ ਦਿਤੀ । ਸਿੱਖਾਂ ਨੂੰ ਮਾਰ ਮੁਕਾਉਣ ਲਈ ਵਡੇ ਵਡੇ ਇਨਾਮ ਐਲਾਨੇ ਗਏ–'ਜਿਥੇ ਕੇਸਾਧਾਰੀ ਸਿਖ ਨੂੰ ਵੇਖੋ, ਥਾਂ ਤੇ ਮਾਰ ਦਿਉ ਜਾਂ ਫੜ ਕੇ ਲਾਹੌਰ ਪਹੁੰਚਾਉ'–ਇਹ ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਤੇ ਆਮ ਲੋਕਾਂ ਨੂੰ ਤਾਕੀਦੀ ਹੁਕਮ ਸੀ । ਨੰਬਰਦਾਰਾਂ ਤੇ ਚੌਧਰੀਆਂ ਪਾਸੋਂ ਲਿਖਤਾਂ ਲਈਆਂ ਗਈਆਂ ਕਿ ਉਹ ਆਪਣੇ ਪਿੰਡਾਂ ਵਿਚ ਕਿਸੇ ਸਿਖ ਨੂੰ ਨਹੀਂ ਰਹਿਣ ਦੇਣਗੇ । ਉਨ੍ਹਾਂ ਨਾਲ ਹਮਦਰਦੀ ਕਰਨ ਵਾਲੇ ਦਾ ਵੀ ਓਹੋ ਜਿਹਾ ਹੀ ਮਾੜਾ ਹਸ਼ਰ ਹੋਵੇਗਾ ਜਿਹੋ ਜਿਹਾ ਸਿੱਖਾਂ ਦਾ । ਮੁਖ਼ਬਰਾਂ ਨੂੰ ਖ਼ਾਸ ਤੌਰ ਤੇ ਹਲਾਸ਼ੇਰੀ ਤੇ ਇਨਾਮ ਦਿਤੇ ਜਾਂਦੇ ਤੇ ਉਹ ਹਰ ਸਮੇਂ ਸਿੰਘਾਂ ਦਾ ਸ਼ਿਕਾਰ ਖੇਡਣ ਲਈ ਕੁੱਤਿਆਂ ਵਾਂਗ ਆਲਾ-ਦੁਆਲਾ ਸੁੰਘਦੇ ਫਿਰਦੇ । ਜਦ ਕੋਈ ਸਿੰਘ ਭੇਸ ਵਿਚ ਪਿੰਡ ਦੀ ਜੂਹ ਅੰਦਰ, ਕਿਸੇ ਝਿੜੀ ਜਾਂ ਬਾਗ਼ ਵਿਚ ਦਿਸ ਪੈਂਦਾ ਤਾਂ ਸਾਰੇ ਪਿੰਡ ਵਿਚ ਰੌਲਾ ਪੈ ਜਾਂਦਾ, "ਸਿੰਘ ਫਿਰਦਾ ਜੇ, ਨਿਕਲੋ, ਭਜੋ, ਤਕੜੇ ਹੋ ਕੇ ਘੇਰੋ, ਫੜ ਲਵੋ; ਜਾਵੇ ਨਾ......" ਸਭ ਛੋਟੇ ਵੱਡੇ ਡਾਂਗ ਸੋਟਾ, ਤਲਵਾਰ ਨੇਜ਼ਾ ਲੈ ਕੇ ਉਸ ਪਾਸੇ ਦੌੜ ਪੈਂਦੇ ।

ਸਿੰਘਾਂ, ਟੱਬਰ ਟੱਹਰ ਲੈ ਕੇ ਉਨ੍ਹਾਂ ਥਾਵਾਂ ਤੇ ਜਾ ਟਿਕਾਣੇ ਮੱਲੇ ਜਿੱਥੇ ਗਸ਼ਤੀ ਫ਼ੌਜ ਪੋਲੇ ਪੈਰੀਂ ਪਹੁੰਚ ਨਹੀਂ ਸੀ ਸਕਦੀ, ਤੇ ਜੇ ਕੋਈ ਹੱਠ ਕਰ ਕੇ ਅੱਪੜ ਵੀ ਜਾਵੇ ਤਾਂ ਉਹ ਉਨ੍ਹਾਂ ਦੀ ਮਾਰ ਤੋਂ ਸੁੱਕਾ ਬਚ ਕੇ ਨਾ ਪਰਤਦਾ । ਪਹਾੜਾਂ ਦੀਆਂ ਡੂੰਘੀਆਂ ਖੱਡਾਂ, ਗਾਰਾਂ ਤੇ ਡਰਾਉਣੀਆਂ ਕੰਦਰਾਂ, ਜੋ ਪਾੜ-ਖਾਣੇ ਜੀਵਾਂ ਤੇ ਜ਼ਹਿਰੀਲੇ ਜਾਨਵਰਾਂ ਨਾਲ ਭਰਪੂਰ ਸਨ, ਉਨ੍ਹਾਂ ਦੇ ਬਿਸਰਾਮ-ਅਸਥਾਨ ਹੁੰਦੇ ਸਨ । ਸ਼ੇਰਾਂ ਚੀਤਿਆਂ ਤੋਂ ਸ਼ੇਰਾਂ ਚੀਤਿਆਂ ਨੂੰ ਕੀ ਡਰ ? ਮੁਗ਼ਲ ਫ਼ੌਜਾਂ ਰਾਤ ਨੂੰ ਤਾਂ ਕੀ, ਦਿਨੇ ਵੀ ਇਧਰ ਮੂੰਹ ਨਾ ਕਰਦੀਆਂ । ਸਿੰਘਾਂ ਅੰਦਰ ਬੱਬਰ ਸ਼ੇਰਾਂ ਵਰਗੀ ਗੰਭੀਰਤਾ ਤੇ ਦਲੇਰੀ, ਸ਼ੇਰਾਂ ਵਰਗੀ ਨਿਰਭੈਤਾ ਠਾਠਾਂ ਮਾਰਦੀ ਸੀ । ਉਨ੍ਹਾਂ ਦੇ ਚਟਾਨਾਂ ਵਰਗੇ ਮਜ਼ਬੂਤ ਹੌਸਲੇ ਸਨ । ਡਾਢੇ ਦੁਖਾਂ, ਤਕਲੀਫ਼ਾਂ, ਮੁਸੀਬਤਾਂ, ਸਿਰੇ ਦੀ ਥੁੜ, ਸਰੀਰਕ ਕਸ਼ਟਾਂ, ਤਾਪ ਸਰਾਪ ਆਦਿ ਦਾ ਉਨ੍ਹਾਂ 'ਤੇ ਮੂਲੋਂ ਕੋਈ ਅਸਰ ਨਹੀਂ ਸੀ । ਕੁਤਬੀ ਤਾਰੇ ਵਾਂਗ ਅਹਿੱਲ ਉਹ ਆਪਣੇ ਇਰਾਦੇ ਤੇ ਪਹਿਰਾ ਦੇਣ ਵਾਲੇ, ਹਰ ਹਾਲਤ ਵਿਚ ਅਡੋਲ ਤੇ ਆਪਣੀ ਅਣਖ ਆਬਰੂ ਲਈ ਮਰ ਮਿਟਣ ਵਾਲੇ ! ਦੁਸ਼ਮਣ ਲਈ ਸ਼ੇਰ ਚੀਤੇ ਤੇ ਫ਼ੰਨੀਅਰ ਸੱਪ, ਪਰ ਆਪਣੇ ਹਮਦਰਦਾਂ ਤੇ ਸੱਜਣਾਂ ਲਈ ਅਤਿ ਨਰਮ, ਸੀਤਲ ਤੇ ਠੰਡੇ ਸੁਭਾਅ ਵਾਲੇ, ਉਨ੍ਹਾਂ ਦੇ ਡੁਲ੍ਹੇ ਪਸੀਨੇ ਖ਼ਾਤਰ ਆਪਣਾ ਖ਼ੂਨ ਵਗਾ ਦੇਣਾ ਉਨ੍ਹਾਂ ਦੀ ਜ਼ਿੰਦਗੀ ਦਾ ਕਮਾਲ ਸੀ ।

ਉਹ ਛਾਤੀ ਤਾਣ ਕੇ ਸਿਰ ਉੱਚਾ ਕਰ ਕੇ ਵਿਚਰਦੇ ਰਹੇ । ਕਿਸੇ ਮੋੜ ਮੁਗ਼ਲ ਮੂਹਰੇ ਅੱਖ ਨੀਵੀਂ ਨਹੀਂ ਕੀਤੀ । ਹਕੂਮਤ ਦੇ ਮੁਕਾਬਲੇ ਤੇ ਉਨ੍ਹਾਂ ਕਦੀ ਆਪਣੇ ਆਪ ਨੂੰ ਹਕੀਰ ਜਾਂ ਕੰਗਾਲ ਨਹੀਂ ਸਮਝਿਆ । ਉਨ੍ਹਾਂ ਨੂੰ ਪੂਰਨ ਭਰੋਸਾ ਸੀ ਵਾਹਿਗੁਰੂ ਅਤੇ ਫਿਰ ਆਪਣੇ ਬਾਹੂਬਲ ਉਤੇ ਕਿ ਇਕ ਦਿਨ ਉਨ੍ਹਾਂ ਇਸ ਜਾਬਰ ਤੇ ਜ਼ਾਲਮ ਸਰਕਾਰ ਨੂੰ ਡੂੰਘੀਂ ਪਾਣੀਂ ਗ਼ਰਕ ਕਰ ਦੇਣਾ ਹੈ । ਜੇ ਸ਼ਹਿਰਾਂ ਨਗਰਾਂ ਉੱਤੇ ਮੁਗ਼ਲ ਰਾਜ ਦਾ ਝੰਡਾ ਝੂਲਦਾ ਸੀ ਤਾਂ ਜੰਗਲਾਂ ਬੇਲਿਆਂ ਜੂਹਾਂ ਵਿਚ ਉਨ੍ਹਾਂ ਦਾ ਬੋਲ ਬਾਲਾ ਸੀ । ਦਿਨੇ ਰਾਜ ਮੁਗ਼ਲ ਸਰਕਾਰ ਦਾ ਅਤੇ ਰਾਤ ਸਮੇਂ ਬਾਦਸ਼ਾਹੀ ਖ਼ਾਲਸੇ ਦੀ ਹੁੰਦੀ ਸੀ । ਗਸ਼ਤੀ ਫ਼ੌਜ ਦਿਨ ਰਾਤ ਸਿੱਖਾਂ ਦੀ ਭਾਲ ਵਿਚ ਤੁਰੀ ਫਿਰਦੀ । ਰੋਜ਼ ਹੀ ਝੜਪਾਂ ਹੁੰਦੀਆਂ । ਫ਼ੌਜ ਦੇ ਵੱਡੇ ਸਹਾਇਕ ਮੁਖ਼ਬਰ ਤੇ ਚੁਗ਼ਲ ਹੁੰਦੇ ਸਨ । ਸਿੰਘ ਇਨ੍ਹਾਂ ਨੂੰ ਚੁਣ ਚੁਣ ਕੇ ਮਾਰਦੇ । ਜਿਨ੍ਹਾਂ ਨੂੰ ਘਰੋਂ ਕਢਿਆ ਗਿਆ ਹੋਵੇ, ਉਹ ਦੂਜੇ ਨੂੰ ਘਰ ਦਾ ਸੁਖ ਅਨੰਦ ਕਿਉਂ ਮਾਨਣ ਦੇਣ ? ਜ਼ਕਰੀਆ ਖ਼ਾਨ ਦਿੱਲੀ ਦਰਬਾਰ ਨੂੰ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਬੜਾ ਮਜ਼ਬੂਤ ਹਾਕਿਮ ਹੈ ਤੇ ਸਿੱਖਾਂ ਨੂੰ ਸਿਧਿਆਂ ਕਰਨਾ ਉਹ ਖ਼ੂਬ ਜਾਣਦਾ ਹੈ । ਇਸ ਲਈ ਮੁਢਲੇ ਸਾਲਾਂ ਵਿਚ ਉਸ ਨੇ ਬੜੀ ਸਖ਼ਤੀ ਕੀਤੀ ਅਤੇ ਕਿਸੇ ਸਿੱਖ ਸਾਧੂ ਸੰਤ ਨੂੰ ਵੀ ਚੈਨ ਨਾ ਲੈਣ ਦਿਤਾ ।

ਜਦ ਜ਼ਕਰੀਆ ਖ਼ਾਨ ਸਾਰੀ ਵਾਹ ਲਾ ਥੱਕਾ ਤੇ ਸਿੱਖ ਮੁਕਣ ਦੀ ਥਾਂ ਵਧਦੇ ਗਏ ਤਾਂ ਉਸ ਨੇ ਨੀਤੀ ਇਹ ਅਪਣਾਈ ਕਿ ਜੇ ਸਿੱਖ ਆਰਾਮ ਨਾਲ ਵਾਹੀ ਬੀਜੀ ਕਰੇ, ਤਾਂ ਉਸ ਨੂੰ ਨਾ ਛੇੜਿਆ ਜਾਵੇ । ਰਾਠ ਸਿੰਘ,



www.AKJ.Org

# ਏਤੀ ਮਾਰ ਪਈ

[ਬੀਬੀ ਰਣਜੀਤ ਕੌਰ ਜੀ]

ਅੱਜ ਸਿੱਖ ਕੌਮ ਨੂੰ ਇਤਨੀ ਮਾਰ ਪੈਣ ਦੇ ਤਿੰਨ ਪ੍ਰਮੁਖ ਕਾਰਨ ਹਨ–

(੧) ਦਸਾਂ ਪਾਤਿਸ਼ਾਹੀਆਂ ਦੀ ਦੇਹ–ਖੁਦ ਸਾਡੇ ਗੁਰੂ ਕਾ ਮੂਲ ਹੋਣਾ। ਸ਼ਰਮ ਨਾਲ ਡੁਬ ਮਰਨ ਵਾਲੀ ਗੱਲ ਹੈ। ਕੀ ਅਸੀਂ ਸਿੱਖ ਪਰਵਾਰਾਂ ਤੋਂ ਕਰ (*TAX*) ਇਕੱਠਾ ਨਹੀਂ ਕਰ ਸਕਦੇ ਅਤੇ ਇਮਾਨਦਾਰੀ ਨਾਲ ਕੰਮ ਕਰ ਕੇ ਬਾਣੀ ਸਤਿਕਾਰ ਸਹਿਤ ਨਹੀਂ ਛਾਪ ਸਕਦੇ ?

ਜਿਸ ਕੌਮ ਦੀ ਬਾਣੀ ਵਿਕਦੀ ਹੋਵੇ, ਉਹ ਕਿਸ ਮੰਜ਼ਿਲ ਤੱਕ ਪਹੁੰਚ ਸਕਦੀ ਹੈ ? ਪਾਠਾਂ ਦੇ ਸਉਦੇ ਹੋਣੇ ਅਤੇ ਮਾਇਆ ਦੇ ਅਧਾਰ ਤੇ ਸੇਵਾ ਹੋਣੀ ਕਿਥੋਂ ਦੀ ਨੇਕਨਾਮੀ ਹੈ ?

ਮਾਇਆ ਦਾ ਜ਼ੋਰ ਇੰਨਾ ਵਧ ਚੁੱਕਾ ਹੈ ਕਿ ਅਰਦਾਸ-ਬੇਨਤੀਆਂ ਭੀ ਵਿਕਣ ਲੱਗ ਗਈਆਂ ਹਨ। ਜਦੋਂ ਸਾਡੀਆਂ ਅਰਦਾਸਾਂ ਦੇ ਹੀ ਸਉਦੇ ਹੁੰਦੇ ਹਨ ਤਾਂ ਇਹ ਕਿਸ ਹੱਦ ਤੱਕ ਅਕਾਲ ਪੁਰਖ ਦੇ ਚਰਨਾਂ ਵਿਚ ਪੁਜਦੀਆਂ ਹੋਣਗੀਆਂ ਅਤੇ ਇਹਨਾਂ ਦਾ ਕੀ ਲਾਭ ਹੋ ਸਕਦਾ ਹੈ ?

ਜਿਸ ਬਾਣੀ ਦੀ ਇਕ-ਇਕ ਤੁਕ ਅਮੋਲਕ ਹੈ, ਸਰਬ ਵਿਆਪੀ ਮੁਕਤੀ ਦਾ ਸਾਧਨ ਹੈ, ਉਸ ਦਾ ਮੁਲ ਪਾਉਣਾ ਜਾਂ ਉਸ ਨੂੰ ਵੇਚਣਾ–ਇਸ ਤੋਂ ਵੱਡਾ ਪਾਪ ਹੋਰ ਕੀ ਹੋ ਸਕਦਾ ਹੈ ?

ਇਸੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਡੀ ਸਿੱਖੀ ਕਿਤਨੀ 'ਬਿਪਰਨ ਕੀ ਰੀਤਿ' ਵਲ ਜਾ ਰਹੀ ਹੈ। ਜਿਸ ਤਰ੍ਹਾਂ ਪੰਡਿਤਾਂ ਨੇ ਮਾਇਆ ਦਾ ਆਗਮਨ ਹਰ ਪਾਠ, ਪੂਜਾ ਜਪ, ਨੇਮ, ਬ੍ਰਤ ਵਿਚ ਰਖਿਆ ਤਿਉਂ ਅੱਜ ਦੇ ਸਿੱਖ 'ਬਾਣੀ ਦੇ ਸਉਦਾਗਰਾਂ' ਦੀ ਰਹਿਣੀ ਹੋ ਚੁਕੀ ਹੈ।

ਇਸੇ ਲਈ ਹੀ ਕੌਮ ਨੂੰ ਮਾਰ ਪੈ ਰਹੀ ਹੈ। ਕੁਝ ਵਿਅਕਤੀਆਂ ਦੀ ਗ਼ਲਤੀ ਨੇ ਸਭਨਾਂ ਨੂੰ ਸਜ਼ਾ ਲੈਣ ਤੇ ਮਜਬੂਰ ਕੀਤਾ ਹੋਇਆ ਹੈ।

ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈ ਨ ਕਰਉ ਇਨ ਕੀ ਪ੍ਰਤੀਤਿ ॥

(੨) ਜਨਤਾ (ਸਿੱਖ ਪਰਵਾਰਾਂ) ਵਲ ਨਿਗਾਹ ਮਾਰੋ। ਪਿੰਡਾਂ ਵਿਚ ਜਨਤਾ ਨੂੰ ਪਰਖੋ। ਆਮ ਤੌਰ ਤੇ ਵੇਖਣ ਨੂੰ ਮਿਲਦਾ ਹੈ ਕਿ ਬਾਣਾ ਖ਼ਾਲਸੇ ਦਾ ਬਹੁਤ ਹੈ, ਪਰ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਕਿਰਤ ਇਤਨੀ ਨਹੀਂ ਹੈ। ਰਹਿਤ ਤੇ ਚਲਣ ਵਾਲੇ ਸਿਘ ਅਤੇ ਉਹਨਾਂ ਦੇ ਪਰਵਾਰ ਬਹੁਤ ਵਿਰਲੇ ਨਜ਼ਰ ਆਉਂਦੇ ਹਨ। ਇਸ ਸਮੇਂ ਦੇਖਣ ਵਿਚ ਆਉਂਦਾ ਹੈ ਕਿ ਆਮ ਜਨਤਾ ਵਿਚੋਂ ਕੁਝ ਨੇ ਤਾਂ ਖਾੜਕੂਆਂ ਤੋਂ ਡਰ ਕੇ ਅੰਮ੍ਰਿਤ ਛੱਕਿਆ ਹੈ ਅਤੇ ਬਾਕੀ ਕੁਝ ਨੇ ਸੋਭਾ ਲੋੜਦੇ। ਅੰਦਰ ਨ ਪ੍ਰੀਤਿ ਹੈ ਨ ਪ੍ਰਤੀਤਿ। ਇਸ ਲਈ ਰਹਿਣੀ ਬਹੁ ਬਿਧੀ ਢਿੱਲੀ ਹੈ ਸਿੱਖਾਂ ਦੀ ਅਜ। ਜਨਤਾ 'ਜੀਅਹੁ ਮੈਲੇ ਬਾਹਰਹੁ ਨਿਰਮਲ' ਹੈ। ਖ਼ਾਲਸੇ ਦੇ ਬਾਣੇ ਦੀ ਆੜ ਲੈ ਕੇ ਪਾਪ ਭੀ ਕੀਤੇ ਜਾਂਦੇ ਹਨ। ਦਿਖਾਵੇ ਵਾਸਤੇ ਖਾਲਸੇ ਦਾ ਬਾਣਾ ਹੈ ਅਤੇ ਰਹਿਤ ਮਲੇਛਾਂ ਦੀ। ਆਮ ਤੌਰ ਤੇ ਲੁਕ ਕੇ ਕੁਰਹਿਤਾਂ ਕੀਤੀਆਂ ਜਾਂਦੀਆਂ ਹਨ। ਮਲੇਛ ਖਾਲਸੇ ਦਾ ਹੋਣਾ ਤਾਂ ਪਹਿਲੀ ਪਾਤਸ਼ਾਹੀ ਅਤੇ ਦਸਵੇਂ ਪਾਤਿਸ਼ਾਹ ਉਦੋਂ ਹੀ ਦੱਸ ਗਏ ਸਨ। ਸੋ ਉਹ ਹੁਣ ਬਹੁਤ ਗਿਣਤੀ ਵਿਚ ਨਜ਼ਰ ਆ ਰਿਹਾ ਹੈ। ਜਨਤਾ ਵਿਚ ਭੈ ਜ਼ਿਆਦਾ, ਧਰਮ ਨਾਲ ਪ੍ਰੇਮ ਘਟ ਅਤੇ ਰਹਿਣੀ ਦਾ ਖ਼ਿਆਲ ਲੋੜ ਅਨੁਸਾਰ ਹੈ। ਸ਼ਾਇਦ ਇਸ ਲਈ ਕਿ ਆਮ ਜਨਤਾ ਨੂੰ ਆਪਣੇ ਧਰਮ ਬਾਰੇ ਗਿਆਨ ਹੀ ਬਹੁਤ ਘਟ ਹੈ। ਜੋ ਹੈ, ਉਸ ਵਿਚ ਬਹੁ-ਬਿਧੀ ਮਨਮਤਿ ਦੇ ਅੰਸ਼ ਹਨ। ਕੁਝ ਮਨਮਤੀਆਂ ਨੇ ਮਨ-ਘੜਤ ਆਪਣੇ ਮਤਲਬ ਕੱਢਣ ਲਈ ਮਨਮਤੀ ਪ੍ਰਚਾਰ ਕਰ ਕੇ, ਜਨਤਾ ਨੂੰ ਗੁਮਰਾਹ ਕੀਤਾ ਹੋਇਆ ਹੈ। ਮਨਮਤੀ ਜਨਤਾ ਵਿਚੋਂ ਮਨਮਤੀ ਖ਼ਾਲਸਾ ਹੀ ਪ੍ਰਗਟ ਹੋ ਸਕਦਾ ਹੈ– ਸੰਤ ਖ਼ਾਲਸਾ ਨਹੀਂ। ਜਦੋਂ ਅੰਮ੍ਰਿਤ ਛੱਕ ਕੇ ਕੁਰਹਿਤਾਂ ਕੀਤੀਆਂ ਜਾਂਦੀਆਂ ਹਨ ਤਾਂ ਹੀ ਸਜ਼ਾ ਹੁੰਦੀ



www.AKJ.Org

ਹੈ—ਉਹ ਕੌਮ ਭੁਗਤ ਹੀ ਰਹੀ ਹੈ।

(੩) ਸਤਿਗੁਰਾਂ ਦੇ ਰਾਜ ਵਿਚ ਖ਼ਾਲਸਾ ਕੇਵਲ ਗੁਰੂ ਕਾ ਸੀ। ਅੱਜ ਬਹੁਤ ਜਥੇ-ਬੰਦੀਆਂ ਹਨ ਅਤੇ ਸਿੰਘ ਅੱਡ-ਅੱਡ ਜੱਥਿਆਂ ਦੇ ਅਖਾਏ ਜਾਂਦੇ ਹਨ। ਕੋਈ ਹੈ ਹਾਜ਼ਰ-ਨਾਜ਼ਰ ਬੇਅੰਤ ਗੁਰੂ—ਦਸਾਂ ਪਾਤਿਸ਼ਾਹੀਆਂ ਦੇ ਆਤਮਿਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੰਘ? ਜਦੋਂ ਧਰਮ ਇਕ ਹੈ, ਸਿੱਖੀ ਇਕ ਹੈ, ਬਾਣੀ ਇਕ ਹੈ, ਨਾਮ ਇਕ ਹੈ ਅੰਮ੍ਰਿਤ ਇਕ ਹੈ, ਗੁਰੂ ਇਕ ਹੈ, ਗਿਆਨ ਇਕ ਹੈ, ਧਿਆਨ ਇਕ ਹੈ, ਬਿਧੀ ਇਕ ਹੈ, ਸ਼ਰਧਾ ਇਕ ਹੈ, ਮੰਜ਼ਿਲ ਇਕ ਹੈ, ਮਕਸਦ ਇਕ ਹੈ ਤਾਂ ਜਥੇ ਅਤੇ ਇਹਨਾਂ ਦੀ ਰਹਿਤ ਇਕ ਕਿਉਂ ਨਹੀਂ?

ਕੀ ਸਭ ਕੁਝ ਪੁਰਖ-ਵੀਚਾਰ ਕੇ ਇਹ ਨਹੀਂ ਲੱਗਦਾ ਕਿ ਜਦੋਂ ਸਾਡੇ ਘਰ ਵਿਚ ਹੀ ਸਫਾਈ ਦੀ ਕਮੀ ਹੈ ਤਾਂ ਅਸੀਂ ਹੋਰਨਾਂ ਨੂੰ ਸਫ਼ਾਈ ਰੱਖਣ ਲਈ ਕਿਸ ਤਰ੍ਹਾਂ ਮਜਬੂਰ ਕਰ ਸਕਦੇ ਹਾਂ! ਜਦੋਂ ਤਕ ਸਾਡੀ ਕੌਮ ਵਿਚ ਪਵਿੱਤਰਤਾ/ਨਿਰਮਲਤਾ ਨਹੀਂ ਆ ਕੇ ਕਾਇਮ ਹੋ ਜਾਂਦੀ ਉਦੋਂ ਤੱਕ ਅਸੀਂ ਮਾਰ ਖਾਣ ਦੇ ਹੀ ਅਧਿਕਾਰੀ ਹੋਏ ਰਹਾਂਗੇ। ਖ਼ਾਲਸੇ ਦੇ ਰਾਜ ਦੀ ਨੀਂਹ ਹਾਲੇ ਪੂਰਨ ਰੂਪ ਵਿਚ ਤਿਆਰ ਨਹੀਂ ਹੈ। ਜਦੋਂ ਨੀਂਹ ਦਾ ਮਸਾਲਾ ਪਵਿੱਤਰ ਨਹੀਂ ਤਾਂ ਉਸ ਤੇ ਇਮਾਰਤ ਨਹੀਂ ਉਸਾਰੀ ਜਾ ਸਕਦੀ। ਜੇਕਰ ਜੇ ਉਸਾਰੀ ਗਈ ਤਾਂ ਹਵਾ ਦੇ ਝੱਖੜ ਉਸ ਨੂੰ ਸੁਟ ਦੇਣਗੇ। ਪਹਿਲਾਂ ਆਪਣੀ ਕੌਮ ਦੀਆਂ ਕਮੀਆਂ ਠੀਕ ਕੀਤੀਆਂ ਜਾਣ ਤਾਂ '**ਨਾਮ ਦੀ ਸ਼ਕਤੀ**' ਆਪ ਵਰਤ ਕੇ ਸਭ ਕਾਜ ਫਤਹ ਕਰੇਗੀ।

---

[੪੬ ਸਫ਼ੇ ਦੀ ਬਾਕੀ]

ਜੋ ਘਰਾਂ ਨੂੰ ਤਿਆਗ ਕੇ ਸਰਕਾਰ ਦੇ ਟਾਕਰੇ ਲਈ ਜੰਗਲਾਂ ਤੇ ਪਹਾੜਾਂ ਵਿਚ ਟਿਕਾਣੇ ਮੱਲੀ ਬੈਠੇ ਸਨ, ਉਹ ਤਾਂ ਹੁਣ ਖੇਤੀ-ਬਾੜੀ ਕਰਨੋਂ ਰਹੇ। ਹਾਂ, ਜੋ ਗੁਰਮੁਖ ਸਾਧੂ ਬ੍ਰਿਤੀ ਵਾਲੇ ਸਿੰਘ ਸਨ ਉਹ ਟਾਵੇਂ ਟਾਵੇਂ ਖੇਤੀ ਜਾਂ ਵਿਹਾਰ ਵਿਚ ਲੱਗ ਗਏ। ਉਹ ਆਪਣੇ ਜੁਝਾਰੂ ਭਰਾਵਾਂ ਦੇ ਪੂਰੇ ਹਿਤੈਸ਼ੀ ਸਨ। ਸੋ ਉਨ੍ਹਾਂ ਦੀ ਸੇਵਾ ਲਈ ਜੋ ਬਣ ਪੈਂਦਾ, ਕਰਦੇ। ਸਿੰਘਾਂ ਲਈ ਇਹ ਬੜਾ ਆਸਰਾ ਸਨ। ਚੁਗਲਾਂ ਚੌਧਰੀਆਂ ਨੂੰ ਵੀ ਸੋਝੀ ਪੈ ਗਈ ਸੀ ਕਿ ਜੇ ਕਿਤੇ ਇਨ੍ਹਾਂ ਨੂੰ ਸਤਾਇਆ ਤਾਂ ਸਿੰਘ ਉਨ੍ਹਾਂ ਦੇ ਟੱਬਰ ਕਬੀਲੇ ਮਾਰ ਮੁਕਾਉਣਗੇ। ਕੁਝ ਸਮੇਂ ਤੱਕ ਇਹ ਢੰਗ ਅਮਨ ਚੈਨ ਨਾਲ ਚਲਦਾ ਰਿਹਾ।

**ਸ਼ਹੀਦੀ ਭਾਈ ਤਾਰਾ ਸਿੰਘ ਜੀ ਵਾਂ—**

ਪਿੰਡ ਨੌਸ਼ਹਿਰਾ, ਜੋ ਹਿੰਦੁਸਤਾਨ ਦੀ ਪਛਮੀ ਸਰਹੱਦ ਤੇ ਜ਼ਿਲਾ ਅੰਮ੍ਰਿਤਸਰ ਵਿਚ ਹੈ, ਵਿਚ ਕੁਝ ਸਿੱਖ ਵਾਹੀ ਕਰਦੇ ਸਨ, ਉਥੋਂ ਦਾ ਚੌਧਰੀ ਸਾਹਿਬ ਰਾਏ ਬੜਾ ਆਪ-ਹੁਦਰਾ ਤੇ ਹੰਕਾਰਿਆ ਹੋਇਆ ਬੰਦਾ ਸੀ। ਸਿੱਖਾਂ ਨਾਲ ਇਸ ਨੂੰ ਬੜੀ ਨਫ਼ਰਤ ਤੇ ਕਿੜ ਸੀ। ਇਹ ਆਪਣੀਆਂ ਘੋੜੀਆਂ ਖੇਤਾਂ ਵਿਚ ਖੁਲ੍ਹੀਆਂ ਛੱਡ ਦੇਂਦਾ, ਜੋ ਖਾਣ ਨਾਲੋਂ ਮਿੱਧ ਕੇ ਫ਼ਸਲ ਦਾ ਜ਼ਿਆਦਾ ਨੁਕਸਾਨ ਕਰਦੀਆਂ। ਜੱਟ ਨੂੰ ਫ਼ਸਲ ਔਲਾਦ ਵਾਂਗ ਪਿਆਰੀ ਹੁੰਦੀ ਹੈ।

[ਚਲਦਾ]

## ਹਵਾਲੇ ਤੇ ਫੁਟਨੋਟ

੧. ਕਨ੍ਹਈਆ ਲਾਲ—ਤਾਰੀਖ਼-ਇ-ਪੰਜਾਬ (ਉਰਦੂ), ਸਫ਼ਾ ੧੬੫

੨. ਸੋਹਣ ਲਾਲ—ਉਮਦਤ-ਉਤ-ਤਵਾਰੀਖ਼ (ਫ਼ਾਰਸੀ ਛਾਪ), ਭਾਗ *I*, ਸਫ਼ਾ ੧੦੮

---

ਭਾ: ਅਵਤਾਰ ਸਿੰਘ ਜੀ ਪਾਰੋਵਾਲ ਦੀ ਯਾਦ ਵਿਚ ਅੰਮ੍ਰਿਤਸਰ, ਸੁਲਤਾਨਵਿੰਡ ਰੋਡ, ਗੁਰਦੁਆਰਾ ਮੋਹਨ ਨਗਰ 5 ਜੁਲਾਈ ਸਵੇਰੇ 6 ਤੋਂ 11 ਤਕ ਅਖੰਡ ਕੀਰਤਨ।



www.AKJ.Org

# ਦੇਗੀਂ ਉਬਲ ਕੇ ਰੂਪ ਨਿਖਾਰਿਆ ਏ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ-14 ਰੋਹਣੀ, ਦਿੱਲੀ-85]

ਸਰਦਾਰ ਸਰੂਪ ਚਿ ਵਿਚਰਨਾ ਕੌਮ ਤਾਈਂ, ਉਚਾ ਸੁਚਾ ਤੇ ਸਦਾ ਬਲੰਦ ਰਖੇ।
ਸਰਦਾਰ ਸਰੂਪ ਹੀ ਸੂਰਜੀ ਕਿਰਨ ਵਾਂਗੂ, ਸੇਵਾ ਸਿਮਰਨ ਕੁਰਬਾਨੀ ਪ੍ਰਚੰਡ ਰਖੇ।
ਸਰਦਾਰ ਸਰੂਪ ਦ੍ਰਿੜ੍ਹਤਾ ਦਲੇਰਪੁਣਾ, ਰੌਸ਼ਨ ਵਾਂਗਰਾਂ ਚੌਦਵੇਂ ਚੰਦ ਰਖੇ।
ਸਰਦਾਰ ਸਰੂਪ ਹੈ ਧਰਮ, ਨਿਆਇ-ਰਖਸ਼ਕ, ਅਮਲੀ ਜੀਵਨ ਵਿਚ ਸੰਜਮ ਤੇ ਸੰਦ ਰਖੇ।

ਰਹਿਤ ਰਖਣੀ, ਰਹਿਤ ਦੇ ਵਿਚ ਚਲਣਾ, ਮਨ ਪਾਕ ਉਜਲ ਵਾਂਗ **ਗੰਗ ਹੋਵੇ**।
ਨਸਣ ਕੂੜ ਕ੍ਰੋਧ ਕੁਸੰਗ ਦੁਸ਼ਟਤਾ, ਕਿਰਪਾ ਗੁਰੂ ਦੀ ਸਦਾ ਅੰਗ **ਸੰਗ ਹੋਵੇ**।

ਛੇਵੀ ਗੁਣਾਂ ਦਾ ਰਾਖਾ ਹੈ ਰੱਬੀ ਅੰਮ੍ਰਿਤ, ਬਖਸ਼ਿਆ ਸਿੱਖ ਨੂੰ ਆਪ ਦਾਤਾਰ ਪ੍ਰੀਤਮ।
ਸਾਰੇ ਜੱਗ ਤੋਂ ਵੱਖਰਾ ਕਰ ਦਿਤਾ; ਪੰਜਾਂ ਕੱਕਾਰਾਂ ਦੇ ਨਾਲ ਸ਼ਿੰਗਾਰ ਪ੍ਰੀਤਮ।
ਅਣਖ ਆਨ ਅਜ਼ਾਦੀ ਦੀ ਪਾਣ ਦੇ ਕੇ, ਕੀਤਾ ਜਥੇਬੰਦ ਵਾਂਗ ਪਰਿਵਾਰ ਪ੍ਰੀਤਮ।
ਸਵੈਮਾਣ ਸਰੂਪ ਅਲੌਕਾਰ ਸ਼ਕਤੀ, ਨਾਮ ਬਾਣੀ ਦਾ ਦਿਤਾ ਭੰਡਾਰ ਪ੍ਰੀਤਮ।

ਸਾਬਤ ਸੂਰਤ ਨੂੰ ਰਖਣ ਲਈ ਕਾਇਮ ਜੱਗ ਤੇ, ਝੱਲੀਆਂ ਲੱਖਾਂ ਨੇ ਸਿਰਾਂ ਤੇ **ਆਰੀਆਂ ਨੇ**।
ਫਤਿਹ ਵਾਹਿਗੁਰੂ ਦੀ ਰਹੇ ਸਦਾ ਉੱਚੀ, ਜਿੰਦਾਂ ਨੰਨ੍ਹਿਆਂ ਵੀ ਹੱਸ ਹੱਸ **ਵਾਰੀਆਂ ਨੇ**।

ਬਖਸ਼ੇ ਹਿੰਮਤ ਦਲੇਰੀ ਤੇ ਉਚ ਜੀਵਨ, ਅੰਦਰੋਂ ਦੁਈ ਦਵੈਤ ਖ਼ੁਰਾਫ਼ਾਤ ਕਢੇ।
ਰਖੇ ਸਦਾ ਚਲੂਲਿਆਂ ਰੰਗਾਂ ਅੰਦਰ, ਅੰਦਰੋਂ ਵਿਸ਼ੇ ਵਿਕਾਰਾਂ ਦੀ ਰਾਤ ਕਢੇ।
ਆਤਮ-ਬਲ ਤੇ ਗੁਰ-ਪਿਆਰ ਬਖ਼ਸ਼ੇ, ਕਟੇ ਬੰਧਨ ਸੰਦੇਹ ਸਨਾਤ ਕਢੇ।
ਕਢੇ ਵਹਿਮ ਗ਼ੁਲਾਮੀ ਜ਼ਲੀਲ ਜੀਵਨ, ਛੂਆ-ਛਾਤ ਕਢੇ ਤੇ ਪੱਖ-ਪਾਤ ਕਢੇ।

ਰੱਸ-ਮਈ ਜੀਵਨ ਚੜ੍ਹਦੀਆਂ ਕਲਾਂ ਅੰਦਰ, ਮਨ ਸਦਾ ਹੀ ਮਸਤੀ ਭਰਪੂਰ **ਰਵ੍ਹੇ**।
ਰਵ੍ਹੇ ਮਹਿਕਦੀ ਟਹਿਕਦੀ ਸਦਾ ਜਿੰਦੜੀ, ਖੇੜੇ ਮਾਣਦੀ ਹੋਈ ਮਸਰੂਰ **ਰਵ੍ਹੇ**।

ਏਸ ਸੋਹਣੇ ਸੁੰਦਰ ਸਰੂਪ ਦੇ ਲਈ, ਸਿੰਘਾਂ ਹੱਸ ਹੱਸ ਤਨ ਮਨ ਵਾਰਿਆ ਏ।
ਚੜ੍ਹੇ ਚਰਖੀਆਂ ਤੇ ਭੁਜੇ ਭੱਠੀਆਂ 'ਚਿ, ਦੇਗੀਂ ਉਬਲ ਕੇ ਰੂਪ ਨਿਖਾਰਿਆ ਏ।
ਇੰਜਣ ਸ਼ੂਕਦੇ ਰੁਕ ਗਏ ਗਡੀਆਂ ਦੇ, ਜਦੋਂ ਸਾਹਮਣੇ ਰੂਪ ਲਿਸ਼ਕਾਰਿਆ ਏ।
ਖੁੰਢੇ ਮੂੰਹ ਹੋਏ ਤੇਗਾਂ ਬਰਛੀਆਂ ਦੇ, ਛਾਤੀ ਡਾਹ ਜਦ ਰੂਪ ਵੰਗਾਰਿਆ ਏ।

ਸਿਦਕ ਜਿਤਿਆ, ਜ਼ੁਲਮ ਨੂੰ ਭਾਂਜ ਪੈ ਗਈ, ਪ੍ਰਚੰਡ ਵਿਚ ਸੰਸਾਰ ਸਰੂਪ **ਹੋਇਆ**।
ਚੰਦ ਜੁੜੇ ਸਰਹੰਦ ਦੀ ਕੰਧ ਅੰਦਰ, ਲੋਕਾਂ ਆਖਿਆ ਵਚਿਤਰ ਅਨੂਪ **ਹੋਇਆ**।

'ਸਾਬਤ ਸੂਰਤਿ ਦਸਤਾਰ ਸਿਰਾ' ਉਤੇ, ਨਜ਼ਰਾਂ ਹਰ ਵੇਲੇ ਦੁਨੀਆ ਭਰਦੀਆਂ ਨੇ।
ਨਿਕਲ ਨਿਕਲ ਕੇ ਕਿਰਨਾਂ ਏਸ ਦੀਆਂ, ਸੁਅੱਛ ਪਿਆਰ ਦੇ ਝਰਨੇ ਝਰਦੀਆਂ ਨੇ।
ਚਲੋ ਮਿਲ ਕੇ, ਅੰਮ੍ਰਿਤ ਛਕੋ ਸਾਰੇ, ਮਿਹਰਾਂ ਵਰ੍ਹ ਰਹੀਆਂ ਕਲਗੀਧਰ ਦੀਆਂ ਨੇ।
ਭਵਿੱਖ ਕੌਮ ਦੀ, ਪੰਥ ਦੀ ਆਨ ਇਜ਼ਤ, ਨਿਰਭਰ ਤੁਹਾਡੇ ਕਿਰਦਾਰ ਤੇ ਕਰਦੀਆਂ ਨੇ।

ਮੇਟਣ ਲਈ ਵਿਲੱਖਣ ਸਰੂਪ ਤਾਈਂ, ਰਾਤ ਦਿਨੇ ਹਨੇਰੀਆਂ ਵੱਗ **ਰਹੀਆਂ**।
'ਨੀਰ' ਸਦਕਾ ਤੁਹਾਡੇ ਪ੍ਰਤਾਪ ਦੀ ਏ ਜੋਤਾਂ ਸੋਹਣੇ ਸਰੂਪ ਦੀਆਂ ਜੱਗ **ਰਹੀਆਂ**।



www.AKJ.Org

ਭਾਈ ਚਉਪਾ ਸਿੰਘ ਦੀ ਜ਼ਬਾਨੀ

# ਦਸਮੇਸ਼ ਜੀ ਦੇ ਬਚਨ

ਭਾਈ ਚਉਪਾ ਸਿੰਘ ਗੁਰੂ ਗੋਬਿੰਦ ਜੀ ਦਾ ਬਾਲ-ਖਿਡਾਵਾ ਸੀ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਨੂੰ ਆਪਣੀ ਲਿਖਤ 'ਬੁਧਿ-ਬਿਬੇਕ' ਵਿਚ ਸੰਕਲਿਤ ਕੀਤਾ ਹੈ। ਉਨ੍ਹਾਂ ਵਿਚੋਂ ਕੁਝ ਬਚਨ ਇਸ ਤਰ੍ਹਾਂ ਹਨ—

ਸਿੱਖੀ ਕੇਸਾਂ ਸਵਾਸਾਂ ਦੀ
ਚਰਚਾ ਸ਼ਬਦ ਕਾ
ਪਰਚਾ ਬਾਣੀ ਦਾ
ਫਲ ਸੰਗਤਿ ਕਾ
ਬੀਜ ਕਰਮਾਂ ਕਾ
ਬੀਚਾਰ ਗੁਰਮਤਿ ਕਾ
ਕਿਰਤ ਧਰਮ ਕੀ
ਹਥਿਆਰ ਜਤ ਕਾ
ਵਾਕ ਸਤ ਕਾ
ਭਾਗ ਪੂਰਬ ਕਾ
ਜਸ ਦੇਗ ਕਾ
ਪੂਜਾ ਅਕਾਲ ਕੀ, ਦੂਜਾ, ਸ਼ਸਤ੍ਰ ਕੀ

ਸਾਖ ਪੁੰਨ ਕੀ
ਖੁਸ਼ਬੋਈ ਸਿਖੀ ਕੀ
ਸੋਭਾ ਟਹਿਲ ਕੀ
ਸ਼ੀਰੀਂ ਬਚਨ ਕੀ
ਲਾਜ ਨੈਣ ਕੀ
ਹਯਾ ਅਖੀਂ ਕੀ
ਘੁੰਡ ਪਰਜਾਰਿ ਕਾ
ਗ੍ਰਹਸਤ ਭਲੀ ਨਾਰਿ ਕਾ
ਰਹਿਣਾ ਹਜੂਰੀ ਕਾ
ਮੰਨਣਾ ਕੁਲ ਕਾ
ਹੁਕਮ ਗੁਰੂ ਕਾ
ਸੇਵਕੀ ਸਿਖ ਕੀ
ਆਗਿਆ (ਸ੍ਰੀ ਗੁਰੂ) ਗ੍ਰੰਥ (ਸਾਹਿਬ) ਕੀ

ਦੀਦਾਰ ਖਾਲਸੇ ਕਾ
ਜਾਗਣਾ ਹਰਿ ਜਸ ਕਾ
ਇਸ਼ਨਾਨ ਕੇਸਾਂ ਕਾ
ਤਿਆਗਣਾ ਵਿਕਾਰਾਂ ਕਾ
ਵਰਤਣ ਸੁਚੇਤੀ ਕੀ
ਬੋਲਣਾ ਮਿਰਜਾਦਾ ਕਾ
ਰਹਿਤ ਰਿਦੈ ਕੀ
ਬਿਬੇਕ ਮੰਨਣ ਕਾ
ਸੇਵਾ ਸਿਖ ਕੀ
ਸਿਖ ਗੁਰੂ ਕਾ
ਪ੍ਰੀਤ ਗੁਰ-ਭਾਈ ਕੀ
ਟਹਿਲ ਮਾਤਾ ਪਿਤਾ ਕੀ
ਪੜ੍ਹਨਾ ਸ਼ੌਕ ਕਾ
ਗਾਵਣਾ ਕੰਠ ਕਾ
ਜੀਤਣਾ ਮਨ ਕਾ
ਸਿਰਦਾਰੀ ਟਹਿਲ ਕੀ
ਭਾਉ ਅੰਦਰ ਕਾ
ਵੰਡ ਖਾਣਾ ਹੋਂਦੇ ਦਾ
ਚਿਤਾਵਣੀ ਭਲਿਆਈ ਦੀ
ਮਾਰਨਾ ਪਾਪਾਂ ਦਾ
ਵਰਤਣ ਜੁਗਤਿ ਦੀ
ਅਮਲ ਪ੍ਰਸਾਦੇ ਦਾ
ਜੁੱਧ ਜੁਟੇ ਕਾ
ਬਲ ਸ਼ਬਦ ਕਾ
ਵਾਧਾ ਧਰਮ ਕਾ
ਨਾਤਾ ਸਿਖੀ ਕਾ
ਤ੍ਰਿਸ਼ਨਾ ਭਜਨ ਕੀ।



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁ: ਸ੍ਰੀ ਗੁਰੂ ਸਿੰਘ ਸਭਾ ਸਲੌਅ ਯੂ ਕੇ | ੪੮੮੫੩-੦੦ | ਬੀਬੀ ਅੰਮ੍ਰਿਤ ਕੌਰ ਚਾਚੋਕੀ [ਫਗਵਾੜਾ] | ੮੫੦-੦੦ |
| ਸ: ਨਾਨਕ ਸਿੰਘ ਪੂਨਾ | ੭੩੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੭ | ਸ: ਪ੍ਰਦੰਮਨ ਸਿੰਘ ਜਲੰਧਰ | ੧੦੦-੦੦ |
| ਸ: ਗੁਰਬਚਨ ਸਿੰਘ ਲੁਧਿਆਣਾ | ੫੦੦-੦੦ | ਗੁਪਤ ਸੇਵਾ | ੫੦੦-੦੦ |
| ਗੁਪਤ ਸੇਵਾ | ੭੨੦-੦੦ | ਭਾਈ ਫਕੀਰ ਸਿੰਘ ਫੂਲ ਚੰਡੀਗੜ੍ਹ | ੨੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਬਲਬੀਰ ਕੌਰ ਸੁਪਤਨੀ ਸ਼ਹੀਦ ਬਲਵਿੰਦਰ ਸਿੰਘ ਬਠਿੰਡਾ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਹਰਜੀਤ ਕੌਰ ਪਤਨੀ ਸ਼ਹੀਦ ਜੁਝਾਰ ਸਿੰਘ ਭਗਵਾਸ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਹਰ ਕੌਰ ਮਾਤਾ ਸ਼ਹੀਦ ਜਗਦੀਸ਼ ਸਿੰਘ ਦੀਸਾ ਬਾਸੀਆਂ—ਪੁਤਰ ਸ਼ਹੀਦ,ਪਤੀ ਬਿਰਧ,ਬੱਚੀ ਦੀ ਸ਼ਾਦੀ | ੧੦੦੦੦-੦੦ |
| ਬੀ: ਕਰਮ ਕੌਰ ਮਾਤਾ ਸ਼ਹੀਦ ਨਰਿੰਦਰ ਸਿੰਘ ਨਿੰਦੀ ਚੌਧਰੀ ਮਝਾਰਾ —ਪੁਤਰ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਸ਼ਮਸ਼ੇਰ ਕੌਰ ਮਾਤਾ ਸ਼ਹੀਦ ਨਛੱਤਰ ਸਿੰਘ ਰਜਿੰਦਰ ਗੜ੍ਹ—ਪੁਤਰ ਸ਼ਹੀਦ, ਪਤੀ ਜੇਲ੍ਹ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਇੰਦਰਜੀਤ ਕੌਰ ਪਤਨੀ ਸ਼ਹੀਦ ਜਗਜੀਤ ਸਿਘ ਲੋਹਗੜ੍ਹ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਡਾ: ਕੁਲਵੰਤ ਸਿੰਘ ਲੁਧਿਆਣਾ—ਪੁਲਸ ਤਸ਼ੱਦਦ ਦਾ ਸ਼ਿਕਾਰ | ੨੦੦੦-੦੦ |
| ਸ: ਸੁਖਵੰਤ ਸਿੰਘ ਲੁਧਿਆਣਾ—ਪੁਲਸ ਤਸ਼ੱਦਦ ਦਾ ਸ਼ਿਕਾਰ | ੨੦੦੦-੦੦ |
| ਸ਼ਹੀਦ ਹਰਦੇਵ ਸਿੰਘ ਕਾਦਰਾਬਾਦ ਦੇ ਭੋਗ ਸਮੇਂ ਸਿਰੋਪਾ | ੧੧੦੦-੦੦ |
| ਸ਼ਹੀਦ ਭਾਈ ਕਰਤਾਰ ਸਿੰਘ ਬਲਮਾਨ ਭੋਗ ਸਮੇਂ ਸਿਰੋਪਾ | ੫੦੦੦-੦੦ |
| ਸ਼ਹੀਦ ਭਾਈ ਦਿਲ ਵਰ ਸਿੰਘ ਦੇ ਭੋਗ ਸਮੇਂ ਸਿਰੋਪਾ | ੧੧੦੦-੦੦ |
| ਸ਼ਹੀਦ ਭਾਈ ਕਾਬਲ ਸਿੰਘ ਮਾਨੋਚਾਹਲ ਸ਼ਹੀਦੀ ਸਮਾਗਮ ਸਮੇਂ ਸਿਰੋਪਾ | ੨੫੦੦-੦੦ |
| ਸ਼ਹੀਦ ਭਾਈ ਬਲਦੇਵ ਸਿੰਘ ਗਾਡਰ ਸਖੀਰਾਂ ਸ਼ਹੀਦੀ ਸਮਾਗਮ ਸਮੇਂ ਸਿਰੋਪਾ | ੨੫੦੦-੦੦ |
| ਬੀ: ਬਲਜੀਤ ਕੌਰ ਪਤਨੀ ਵਾ: ਹਰਦੀਪ ਸਿੰਘ ਢੁਡੀਆਂ ਵਾਲਾ—ਪਤੀ ਜੋਧਪੁਰ ਜੇਲ੍ਹ ਕਟ ਕੇ ਬੀਮਾਰ | ੮੦੦੦-੦੦ |
| ਬੀ: ਸੁਰਿੰਦਰ ਕੌਰ ਮਾਤਾ ਸ਼ਹੀਦ ਨਰਿੰਦਰ ਸਿੰਘ ਅੰਮ੍ਰਿਤਸਰ—ਦੋ ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਕੁਲਦੀਪ ਕੌਰ ਪਤਨੀ ਭਾ: ਹਰਭਜਨ ਸਿੰਘ ਲੁਧਿਆਣਾ—ਪੁਲਸ ਤਸ਼ੱਦਦ ਦਾ ਸ਼ਿਕਾਰ, ਇਲਾਜ ਲਈ | ੫੦੦੦-੦੦ |
| ਬੀ: ਸਵਿੰਦਰ ਕੌਰ ਪਤਨੀ ਭਾ: ਵਿਜੈਪਾਲ ਸਿੰਘ ਲਿਦੜ—ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਭਾ: ਬਹਾਲ ਸਿੰਘ ਚਾਟੀਵਿੰਡ—ਪਿਤਾ ਸ਼ਹੀਦ, ਕੋਈ ਕਮਾਊ ਨਹੀਂ, ਘਰੇਲੂ ਲੋੜਾਂ | ੫੦੦੦-੦੦ |
| ਬੀ: ਕੁਲਵੰਤ ਕੌਰ ਪਤਨੀ ਸ਼ਹੀਦ ਕੁਲਵੰਤ ਸਿੰਘ ਬਟਾਲਾ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਚਰਨਜੀਤ ਕੌਰ ਪਤਨੀ ਸ: ਗੁਰਨਾਮ ਸਿੰਘ ਹਵੇਲੀ ਖ਼ੁਰਦ—ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀ: ਹਰਿੰਦਰ ਕੌਰ ਪਤਨੀ ਪ੍ਰੀਤਮ ਸਿੰਘ ਰੈਬੋ ਪਟਿਆਲਾ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਰਾਮ ਕੌਰ ਮਾਤਾ ਕੁਲਵੰਤ ਸਿੰਘ ਲੁਹਾਰੀ—ਪੁਤਰ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਸ਼ਹੀਦ ਅਮਰਜੀਤ ਸਿੰਘ ਡੰਡਵਾ—ਦੰਗਾ-ਪੀੜਤ ਪ੍ਰਵਾਰ, ਬੱਚਿਆਂ ਦੀ ਪੜ੍ਹਾਈ | ੫੦੦੦-੦੦ |
| ਬੀ: ਅਮਰ ਕੌਰ ਮਾਤਾ ਸ਼ਹੀਦ ਸਾਹਿਬ ਸਿੰਘ ਮਲੀਆਂ ਅੰਮ੍ਰਿਤਸਰ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਭਾ: ਅਵਤਾਰ ਸਿੰਘ ਪਹਿਲਵਾਨ ਦੇ ਸਲਾਨਾ ਸ਼ਹੀਦੀ ਜੋੜ ਮੇਲੇ ਤੇ ਪਿੰਡ ਝਬਾਲ ਗੁਰਦੁਆਰਾ ਮਾਈ ਭਾਗੋ ਵਿਖੇ ੧੭ ਪ੍ਰਵਾਰਾਂ ਨੂੰ ੧੦੦ ਰੁਪਏ ਪ੍ਰਤੀ ਪਰਵਾਰ ਅਤੇ ਸਿਰੋਪਾ ਭੇਟ ਕੀਤਾ | ੧੭੦੦-੦੦ |
| ਭਾਈ ਸਾਹਿਬ ਸਿੰਘ ਦੇ ਸ਼ਹੀਦੀ ਸਮਾਗਮ ਤੇ ਪਿੰਡ ਕਾਸ਼ਤੀਵਾਲ ਵਿਖੇ ਸਿਰੋਪਾ | ੧੧੦੦-੦੦ |
| ਸ਼ਹੀਦ ਭਾਈ ਲਾਲੀ ਕਾਸ਼ਤੀਵਾਲ ਵਿਖੇ ਭੋਗ ਸਮੇਂ ਸਿਰੋਪਾ | ੧੧੦੦-੦੦ |
| ਸ਼ਹੀਦ ਭਾਈ ਸੁਖਦੇਵ ਸਿੰਘ ਸਖੀਰਾ ਦੇ ਪਿਤਾ ਨੂੰ ਸਿਰੋਪਾ | ੧੧੦੦-੦੦ |
| ਸਰਦਾਰਨੀ ਅਮਰ ਕੌਰ (ਮਦਰਾਸੀ ਪਰਵਾਰ) ਨੂੰ ਸਹਾਇਤਾ ਅਪ੍ਰੈਲ ਮਈ | ੬੫੦-੦੦ |

## ਸੂਰਾ ਮਾਸਕ ਪੱਤਰਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਜਗਤਾਰ ਸਿੰਘ ਯੂ. ਕੇ. | ੧੫੦-੦੦ | ਸ੍ਰੀਮਤੀ ਸਤਵੰਤ ਕੌਰ ਯੂ ਕੇ | ੨੦੦-੦੦ |
| ਸ: ਸੁਰਜੀਤ ਸਿੰਘ ,, | ੩੦੦-੦੦ | ਸ: ਨਾਨਕ ਸਿੰਘ ਪੂਨਾ | ੬੦-੦੦ |
| ਗੁਪਤ ਸੇਵਾ ,, | ੪੦੬੦-੦੦ | ਸ: ਮਿਹਰ ਸਿੰਘ ਨਵੀਂ ਦਿਲੀ | ੨੦੮-੦੦ |
| ਪ੍ਰਵਾਰ ਬਾਬੂ ਉਜਾਗਰ ਸਿੰਘ ਨਵੀਂ ਦਿਲੀ | ੧੦੧-੦੦ | ਭਾ: ਗਿਆਨ ਸਿੰਘ ਯੂ ਕੇ | ੨੦੦-੦੦ |
| ਸ: ਮਨਮੋਹਨ ਸਿੰਘ ਯੂ ਕੇ | ੮੫੦-੦੦ | ਡੀ. ਐਸ. ਮਾਨ | ੧੫੦-੦੦ |
| ਸ: ਸਤਬੀਰ ਸਿੰਘ ਯੂ ਕੇ. | ੩੦੦-੦੦ | ਸ: ਮਹਿੰਦਰਪਾਲ ਸਿੰਘ ਦਿੱਲੀ (ਚੜ੍ਹਾਵਾ) | ੧੨੫-੫੦ |
| ਭਾ: ਕੁਲਦੀਪ ਸਿੰਘ ਫਿਰੋਜ਼ਪੁਰ | ੧੦੦-੦੦ | ਬੀਬੀ ਮਨਜੀਤ ਕੌਰ ਮੁਹਾਲੀ | ੨੦੦-੦੦ |
| ਗੁਪਤ ਸੇਵਾ | ੧੧-੦੦ | ਸ: ਅਮਰਜੀਤ ਸਿੰਘ ਆਸਟਰੇਲੀਆ | ੧੧੩-੬੦ |

www.AKJ.Org

## ਗੁਰੂ ਕੀ ਵਡਾਲੀ ਵਿਖੇ ਪਾ: ੬ ਪ੍ਰਕਾਸ਼ ਗੁਰਪੁਰਬ, ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ, ਉਨ੍ਹਾਂ ਦੇ ਜਨਮ-ਅਸਥਾਨ ਗੁਰੂ ਕੀ ਵਡਾਲੀ (ਨੇੜੇ ਛੇਹਰਟਾ ਸਾਹਿਬ) ਵਿਖੇ ਕੀਰਤਨ ਪ੍ਰੋਗ੍ਰਾਮ—

੨੦-੬ ਸ਼ਨੀਵਾਰ ਸਵੇਰੇ ੬ ਵਜੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਗੁ: ਜਨਮ ਅਸਥਾਨ ਪਾ: ਛੇਵੀਂ ਵਿਖੇ

ਸ਼ਾਮ ੭ ਵਜੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਗੁ: ਜਨਮ ਅਸਥਾਨ ਵਿਖੇ

੨੧-੬-੯੨ ਐਤਵਾਰ ਸਵੇਰੇ ੫ ਵਜੇ ਸਮਾਪਤੀ। ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਵਡਾਲੀ

---

**ਮਾਸਕ ਰੈਣ ਸਬਾਈ ਗੁ.ਸ੍ਰੀ ਗੁਰੂ ਗੋਬਿੰਦ ਸਿੰਘ,ਦਸਮੇਸ਼ ਨਗਰ,ਗਲੀ ੭,ਗਿਲ ਰੋਡ,ਲੁਧਿਆਣਾ੧੩ ਜੂਨ**

**ਧਾਰੀਵਾਲ ਬੇਟ (ਕਪੂਰਥਲਾ) ੧੩ ਜੂਨ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ, ਰਾਤ ਰੈਣ ਸਬਾਈ**

**ਰਾਮੂਵਾਲਾ ਹਰਚੋਕੇ [ਮੋਗਾ], ੧੩ ਜੂਨ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਕੀਰਤਨ, ਰਾਤ ਰੈਣ ਸਬਾਈ**

ਮੋਗਾ ਰਾਮਗੰਜ ਮੰਡੀ ਨੇੜੇ ਸਬਜੀ ਮੰਡੀ ਤੋਂ ਬਸਾਂ ਟੈਂਪੂ ਲਓ (ਸ਼ਾਮ ਜਨਰਲ ਬਸ ਸਟੈਂਡ ਤੋਂ ਟ੍ਰਾਲੀ ਚਲੇਗੀ)

**ਹੁਸ਼ਿਆਰਪੁਰ ਗੁ:ਸਿੰਘ ਸਭਾ ਰੇਲਵੇ ਰੋਡ,੧੪ ਜੂਨ ੯ ਤੋਂ ੧੧ ਕੀਰਤਨ ਭਾ: ਪਰਮਜੀਤ ਸਿੰਘ ਦੀ ਯਾਦ**

**ਬੰਗਾ, ਰੇਲਵੇ ਰੋਡ, ਗ੍ਰਿਹ ਭਾ: ਕਰਨੈਲ ਸਿੰਘ ਭੌਗਲ, ਭੋਗ ਅਖੰਡ ਪਾਠ ਉਪਰੰਤ ਕੀਰਤਨ ੧੪ ਜੂਨ**

**ਫਗਵਾੜਾ, ਗੁ. ਪਾ: ਛੇਵੀਂ ਚੌੜਾ ਖੂਹ ਵਿਖੇ ੨੦ ਜੂਨ ਨੂੰ ਰੈਣ ਸਬਾਈ ਕੀਰਤਨ**

**ਗੁ: ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ) ੨੦ ਜੂਨ ਰੈਣ ਸਬਾਈ ਕੀਰਤਨ**

**ਗਲਵੱਟੀ (ਨਾਭਾ) ਗੁ: ਭਾ. ਸਾਹਿਬ ਸਿੰਘ ਬੇਦੀ ਵਿਖੇ ਨਾਮ ਅਭਿਆਸ ਕੀਰਤਨ ੨੭ ਜੂਨ**

(ਨੋਟ :—ਸਮਾਗਮ ਵਿਚ ਸੌਣ ਦੀ ਮਨਾਹੀ ਹੋਵੇਗੀ)

**ਕੋਟਲਾ ਸੂਰਜਮਲ (ਸ਼ਾਹਕੋਟ), ਭਾ: ਜਰਨੈਲ ਸਿੰਘ, ੨੭ ਜੂਨ, ਰੈਣ ਸਬਾਈ ਕੀਰਤਨ**

**ਗੁ: ਰਾਮਪੁਰ ਖੇੜਾ (ਨੇੜੇ ਗੜ੍ਹਦੀਵਾਲਾ), ਨਾਮ ਅਭਿਆਸ ਕਮਾਈ ਸਮਾਗਮ ੨੮-੬ ਤੋਂ ੫-੭-੯੨**

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) (ਲੋਕਲ) 12 ਤੋਂ 14 ਜੂਨ ਸ੍ਰੀ ਅਖੰਡਪਾਠ, ਗ੍ਰਿਹ ਭਾਈ ਲਹਿੰਬਰ ਸਿੰਘ, 46-Ragstone Rd., Chalrey, Slough, ਫੋਨ 0753-575796

(2) (ਸਾਂਝਾ ਪ੍ਰੋਗਰਾਮ) 20 ਜੂਨ ਰੈਣ ਸਬਾਈ ਕੀਰਤਨ ਗੁ: ਗੁਰੂ ਨਾਨਕ ਦਰਬਾਰ (ਸਿਖ ਟੈਂਪਲ), ਕਲੈਰੈਂਸ ਪਲੇਸ,ਗਰੇਵਜ਼ੈਂਡ ਫੋਨ ਗੁ: 0474-534121, ਭਾ: ਰਾਮ ਸਿੰਘ/ਸੁਰਿੰਦਰ ਸਿੰਘ 0474-333660/0474-333075

(3) (ਲੋਕਲ) 26 ਤੋਂ 28 ਜੂਨ ਸ੍ਰੀ ਅਖੰਡਪਾਠ, ਗ੍ਰਿਹ ਭਾ: ਬਲਵੰਤ ਸਿੰਘ, 123-ਗੁਡਮੈਨ ਪਾਰਕ, ਸਲੌਅ ਫੋਨ 0753-820069

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 6734-267900)**

Bhai Gurnam Singh, 10-Lambourne Gardens, Earley, Reading, Berk U K.

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ: ਪੀ. 43045)

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

---

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੬.੯੨ 'ਨੂੰ ਪ੍ਰਕਾਸ਼ਤ ਕੀਤਾ।

www.AKJ.Org